# ੴ ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ ਮੁੱਲ : 10 ਰੁਪਏ ਦਸੰਬਰ 1996

### ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 12 ਸਾਲ ਅੱਠਵਾਂ ਦਸੰਬਰ 1996



| | |
|---|---|
| ਤਤਕਰਾ | 1 |
| ਤੁਹਾਡੇ ਪੱਤਰ | 2 |
| ਕਰਉ ਬੇਨਤੀਆ | 3 |
| ਪੰਜਾਬ ਦਾ ਭਗਤੀ ਸੰਗੀਤ -ਡਾ. ਡੀ.ਐਸ.ਨਰੂਲਾ | 4 |
| ਪੰਜ ਪਿਆਰੇ -ਡਾ. ਜਸਵੰਤ ਸਿੰਘ ਨੇਕੀ | 8 |
| ਕੋਮਲ ਸ਼ਬਦ -ਆਵਤ ਸਿੰਘ | 11 |
| ਯਾਤਰਾ ਨਨਕਾਣਾ ਸਾਹਿਬ -ਡਾ. ਜੋਗਿੰਦਰ ਸਿੰਘ ਬਾਵਰਾ | 12 |
| Book Review | 15 |
| ਗੁਰਮਤ ਸੰਗੀਤ ਬਾਰੇ ਪੁਸਤਕਾਂ | 17 |
| ਕੀਰਤਨ-ਕਲਾਸਾਂ | 18 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ -ਪ੍ਰਿੰ. ਸਾਹਿਬ ਸਿੰਘ | 19 |
| ਰਾਗ ਸੂਹੀ -ਅਮਰਜੀਤ ਕੌਰ | 20 |
| ਰਾਗ ਆਸਾ -ਪ੍ਰੋ. ਪਰਮਜੋਤ ਸਿੰਘ | 21 |
| ਡਾਇਰੀ ਜੰਤਰੀ | 24. |



### ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

### ਚਿੱਤਰਕਾਰ

ਗੁਰਦੀਪ ਸਿੰਘ ਦੀਪ

### ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696



**ਚੰਦੇ ਦਾ ਵੇਰਵਾ :**

| | |
|---|---|
| ਇਕ ਕ੍ਰਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |



**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452



**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |




■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮ੍ਰਿਤ ਅਸਾਡੜੇ ਸੇਈਂ



Your stay in Adelaide no doubt was short but we are grateful for the pleasant memories it has left us with. The Adelaide sangat immensly enjoyed and appreciated your Kirtan and are still getting copies of your tapes done. Thank God for the modern technology cassettes videos. Admittedly they are not the real thing none the less better than not to have anything at all.

We do indeed feel previlaged to have had the pleasure of having you in Adeliade and for the apportunity of hearing your melodious kirtan and.... your Jokes of course. Trust it wan't be long before we will see you all back in Adelaide. The Adelaide sangat is doing well and the Punjabi School will commence it's third term on 28.7.96 after being closed for three Sundays (school holidays).

**Summer Town** **Parveen**
**South Australia**

Hardly a day passes when we do not listen to the tapes with your Shabad Kirtan. We were talking among ourselves about how blessed you are - since you came, gave us something valuable and went away without taking anything. We are fortunate to have met you here and thank you for your kindness, good wishes and kirtan which was so special.

Every one in Sydney still remember you and regard you very highly for your devotion and kirtan.

I hope this letter finds yourself and your family in good health. With Gods Grace, Kiran and the sons are keeping well too. Life is a very difficult thing and it is only the Grace of the Almighty which gives us strength to go through it. Please therefore to Ardas to help us. God will always listen to devoted people like you.

**Wahroonga** **Pradeep Singh**

Thank you for sending the Amrit Kirtan. I have received both the August and September issues. It takes me a while do read them as the Punjabi is fairly classy for me, but it is a very enjoyable magazine. I have even managed to work out the shabads at the back of the magazine.

It was a pleasure to have met you and your family while you were here. I feel sorry that we did not have the apportunity to get to know you more, but we enjoyed your kirtan tremendously. The Adelaide sangat has never come across anybody of your calibire and they were very pleased do have received so much of your time. Thank you for that.

**Auidaina SA 5072** **Balbir Kaur**

Whenever we have time, we listen to your tapes (but not often enough). I find that listening to your tapes in the car is better than listening with all the distractions around. I hope Harigun is singing as sweetly as he was here. He 'll be a famous singer like his father.

**Senthport, Gold** **Kuldeep Bansi**
**Coast Australia**

Once we got to know about year arrival, we had gala plans, but due to shortness of time and your busy schedule, couldn't be accomplished. Anyway, until the next time. In the very end, I sincerely hope that you could plan your next holidays in Aust. and we could stand a better and organised chance, to serve you.

**Hassall Grave** **Gurkiran**
**NSW**

# ਕਰਉ ਬੇਨੰਤੀਆ

ਇਸ ਮਹੀਨੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਨ ਆ ਰਿਹਾ ਹੈ । ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿੱਚ ਇੱਡਾ ਵੱਡਾ ਸਾਕਾ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦੇ ਹਾਂ ਤਾਂ ਸਾਡਾ ਧਿਆਨ ਇੱਕ ਦਮ ਉਹਨਾਂ ਦੀ ਸ਼ਹੀਦੀ ਵੱਲ ਜਾਂਦਾ ਹੈ ਉਹਨਾਂ ਦੇ ਜੀਵਨ ਦੇ ਬਾਕੀ ਪੱਖ ਅਣਗੌਲੇ ਰਹਿ ਜਾਂਦੇ ਹਨ ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ-ਸਮਾਚਾਰਾਂ ਨੂੰ ਜਾਣੀਏ ਤਾਂ ਉਹਨਾਂ ਦੀ ਸ਼ਖਸੀਅਤ ਦੇ ਕੁਝ ਵੱਡੇ ਗੁਣ ਉਘੜ ਕੇ ਸਾਹਮਣੇ ਆਉਂਦੇ ਹਨ ਅਤੇ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਮਨੁੱਖ ਨੂੰ ਬਹੁਪੱਖੀ ਚਰਿਤਰ ਵਾਲਾ ਹੋਣਾ ਚਾਹੀਦਾ ਹੈ ।

**ਸੂਰਬੀਰਤਾ :** ਗੁਰੂ ਤੇਗ ਬਹਾਦਰ ਜੀ ਦੀ ਸੂਰਮਗਤੀ ਬਾਰੇ ਇਥੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਪਿਤਾ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਇੱਕ ਜੰਗ ਵਿੱਚ ਤੇਗ ਦੇ ਐਸੇ ਜੌਹਰ ਦਿਖਾਏ ਕਿ ਛੇਵੇਂ ਗੁਰੂ ਜੀ ਨੇ ਆਪ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ ।

**ਕਵੀ :** ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਸਾਹਿਬ ਦੇ ਵੱਡਾ ਕਵੀ ਹੋਣ ਦਾ ਸਬੂਤ ਹੈ । ਉਹਨਾਂ ਦੀ ਬਾਣੀ ਅਧਿਆਤਮਕ ਇਤਿਹਾਸਿਕ ਤੇ ਦਾਰਸ਼ਨਿਕ ਪੱਖੋਂ ਤਾਂ ਉਤਮ ਹੈ ਹੀ ਇਸ ਦਾ ਰੂਪਕ ਪੱਖ ਵੀ ਕਮਾਲ ਦਾ ਹੈ । ਆਪ ਨੇ ਕੁਝ ਸ਼ਬਦਾਂ ਵਿੱਚ ਤਿੰਨ ਤਿੰਨ ਤੁਕਾਂਤ ਮਿਲਾ ਕੇ ਬਾਣੀ ਦੀ ਰਚਨਾ ਕੀਤੀ ਹੈ-

ਬੀਤ ਜੈ ਹੈ ਬੀਤ ਜੈ ਹੈ ਜਨਮ ਅਕਾਜ ਰੇ
ਨਿਸ ਦਿਨ ਸੁਨ ਕੇ ਪੁਰਾਨ ਸਮਝਤ ਨਹ ਰੇ ਅਜਾਨ
ਕਾਲ ਤੌ ਪਹੁਚਿਓ ਆਨ ਕਹਾ ਜਾਇ ਭਾਜ ਰੇ
ਅਸਥਿਰ ਜੋ ਮਾਨਿਓ ਦੇਹ ਸੋ ਤ ਤੇਰੋ ਹੋਇ ਹੈ ਖੇਹ
ਕਿਓ ਨ ਹਰਿ ਕੋ ਨਾਮ ਲੇਹੁ ਮੂਰਖ ਨਿਲਾਜਰੇ ।

**ਸੰਗੀਤਕਾਰ :** ਹੋਰ ਗੁਰੂ ਸਾਹਿਬਾਨ ਵਾਂਗ ਆਪ ਦੀ ਬਾਣੀ ਵੀ ਰਾਗਾਂ ਵਿੱਚ ਹੈ । ਆਪ ਨੂੰ ਨਵੇਂ ਨਵੇਂ ਰਾਗਾਂ ਦਾ ਪ੍ਰਯੋਗ ਕਰਨ ਦਾ ਸ਼ੌਕ ਵੀ ਜਾਪਦਾ ਹੈ । ਜੈ ਜੈ ਵੰਤੀ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਨੇ ਹੀ ਪ੍ਰਯੋਗ ਕੀਤਾ ਹੈ ।


ਆਪ ਦੇ ਜੀਵਨ ਦਾ ਇੱਕ ਪ੍ਰਸੰਗ ਆਪ ਦੇ ਸੰਗੀਤਕਾਰ ਹੋਣ ਦਾ ਹੋਰ ਸਬੂਤ ਹੈ । ਇੱਕ ਸਾਖੀ ਵਿੱਚ ਜ਼ਿਕਰ ਆਉਂਦਾ ਹੈ ਕਿ ਆਪ ਨੇ ਬਨਾਰਸ ਵਿੱਚ ਇੱਕ ਸਿੱਖ ਪਾਸੋਂ ਕੀਰਤਨ ਸੁਣਿਆ ਅਤੇ ਖੁਸ਼ ਹੋ ਕੇ ਆਪਣਾ ਨਿਜੀ ਮਿਰੰਦਗ ਉਸ ਨੂੰ ਇਨਾਮ ਵਜੋਂ ਦਿੱਤਾ । ਗੁਰੂ ਸਾਹਿਬ ਯਾਤਰਾ ਸਮੇਂ ਮਿਰਦੰਗ ਵਰਗਾ ਵੱਡਾ ਸਾਜ਼ ਨਾਲ ਰਖਦੇ ਸਨ ਤਾਂ ਉਸ ਨੂੰ ਵਜਾਉਂਦੇ ਵੀ ਹੋਣਗੇ । ਮਿਰਦੰਗ ਵਜਾਉਣ ਵਾਲਾ ਅਤੇ ਰਾਗਾਂ ਦੀ ਸੂਝ ਰੱਖਣ ਵਾਲਾ ਵਿਅਕਤੀ ਕੋਈ ਸਧਾਰਨ ਸੰਗੀਤਕਾਰ ਨਹੀਂ ਹੋ ਸਕਦਾ ।

**ਚਿਤਰਕਾਰ :** ਗੁਰੂ ਤੇਗ ਬਹਾਦਰ ਜੀ ਚਿਤਰਕਾਰ ਸਨ । ਇੱਕ ਸਾਖੀ ਅਨੁਸਾਰ ਢਾਕੇ ਦੇ ਇੱਕ ਪ੍ਰਸਿਧ ਚਿਤਰਕਾਰ ਨੇ ਆਪ ਦਾ ਚਿਤਰ ਬਣਾਉਣਾ ਸ਼ੁਰੂ ਕੀਤਾ ਪਰ ਉਹ ਚਿਤਰ ਪੂਰਾ ਨਾ ਕਰ ਸਕਿਆ । ਗੁਰੂ ਸਾਹਿਬ ਨੇ ਆਪ ਆਪਣੇ ਕਰ ਕਮਲਾਂ ਨਾਲ ਉਹ ਚਿਤਰ ਪੂਰਾ ਕੀਤਾ ।

ਐਸੇ ਬਹੁਪੱਖੀ ਗੁਰੂ ਸਾਹਿਬਾਨ ਦੇ ਵਿਰਸੇ ਦੇ ਅਸੀਂ ਮਾਲਕ ਹਾਂ । ਆਓ ਆਪਣੇ ਅੰਦਰ ਝਾਤ ਮਾਰੀਏ ਤੇ ਗੁਰੂ ਅੱਗੇ ਅਰਦਾਸ ਕਰੀਏ ਸਾਨੂੰ ਵੀ ਅਜਿਹੀ ਪ੍ਰਤਿਭਾ ਦਾ ਕਿਣਕਾ ਮਾਤਰ ਬਖਸ਼ੇ ।

# ਪੰਜਾਬ ਦਾ ਭਗਤੀ ਸੰਗੀਤ

ਡਾ. ਡੀ.ਐਸ.ਨਰੂਲਾ



(ਲੜੀ ਜੋੜਨ ਲਈ ਵੇਖੋ ਅਕਤੂਬਰ ਅੰਕ)

**ਸਿੱਖ ਧਰਮ ਵਿੱਚ ਸੰਗੀਤ :** ਆਮ ਵਿਚਾਰ ਹੈ ਕਿ ਸੰਤਾਂ ਦੀਆਂ ਬਾਣੀਆਂ ਨੂੰ ਸੰਗੀਤ ਵਿਚ ਢਾਲ ਕੇ ਗਾਉਣਾ, 'ਕੀਰਤਨ' ਹੈ । ਕਿਉਂਕਿ ਬਾਹਰਲੀ ਸੰਗੀਤਕ ਬਾਣੀ ਵਿਚ ਮਨ ਨੂੰ ਖਿੱਚਣ ਦੀ ਤਾਕਤ ਹੁੰਦੀ ਹੈ ਪਰ ਕੀਰਤਨ ਵਾਸਤਵ ਵਿਚ ਅੰਦਰਲੀ ਧੁਨੀ ਨੂੰ ਕਿਹਾ ਜਾਂਦਾ ਹੈ । ਸੰਸਾਰੀ ਜੀਵਾਂ ਨੂੰ ਖਿੱਚਣ ਲਈ ਦੋ ਤਾਕਤਾਂ ਹਨ - ਇਕ ਰੂਪ, ਦੂਜੀ ਆਵਾਜ਼, ਅਰਥਾਤ ਸੰਗੀਤਮਈ ਮਿੱਠੀ ਆਵਾਜ਼ । ਇਨ੍ਹਾਂ ਦੋਹਾਂ ਵਿਚੋਂ ਆਵਾਜ਼ ਵਿੱਚ ਖਿੱਚਣ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ । ਪਰਿੰਦੇ ਅਤੇ ਦਰਿੰਦੇ ਵੀ ਆਵਾਜ਼ ਉਪਰ ਮੋਹਿਤ ਹੋ ਜਾਂਦੇ ਹਨ । ਇਨਸਾਨਾਂ ਉਪਰ ਆਵਾਜ਼ ਦਾ ਡੂੰਘਾ ਅਸਰ ਹੁੰਦਾ ਹੈ । ਗੁਰਬਾਣੀ ਵਿਚ ਅੰਦਰਲੀ ਧੁਨਿ ਉਪਰ ਜ਼ੋਰ ਦਿਤਾ ਗਿਆ ਹੈ ਅਤੇ ਗੁਰੂ ਸਾਹਿਬ ਨੇ ਇਸ ਧੁਨਿ ਨੂੰ ਗੁਰੂ ਗ੍ਰੰਥ ਸਾਹਿਬ ਵਿਚ 'ਅਖੰਡ-ਕੀਰਤਨ' ਕਿਹਾ ਹੈ । ਮੁਸਲਮਾਨ ਫਕੀਰਾਂ ਵਿਚ ਇਸ ਨੂੰ 'ਸ਼ਮਾਅ' ਕਹਿੰਦੇ ਹਨ ।

ਸੰਗੀਤਕ ਰਚਨਾਵਾਂ ਅੱਜ ਵੀ ਉਪਲੱਬਧ ਹਨ । ਸੋ ਗੁਰਬਾਣੀ ਨੂੰ, ਇਕਾਗਰ ਚਿਤ ਹੋ ਕੇ, ਸ਼ਾਸਤ੍ਰੀ ਸੰਗੀਤ (ਰਾਗਾਂ ਵਿੱਚ) ਜਾਂ 'ਪਰੰਪਰਾਗਤ-ਧੁਨਾਂ' ਵਿੱਚ ਗਾਉਣ ਦਾ ਨਾਮ 'ਕੀਰਤਨ' ਹੈ । ਗੁਰਬਾਣੀ-ਕੀਰਤਨ ਦੀ ਆਪਣੀ ਇਕ ਵੱਖਰੀ ਸ਼ੈਲੀ ਹੈ ਜਿਸਨੂੰ 'ਗੁਰਮਤਿ-ਸੰਗੀਤ' ਕਿਹਾ ਜਾਂਦਾ ਹੈ । ਇਸ ਵਿਚ ਧਰੁਪਦ, ਖ਼ਿਆਲ ਧਮਾਰ, ਪੜਤਾਲ, ਪਉੜੀ, ਸਲੋਕ ਤੋਂ ਇਲਾਵਾਂ ਲੋਕ-ਧੁਨਾਂ (ਪ੍ਰਾਚੀਨ) ਦੀਆਂ ਸ਼ੈਲੀਆਂ ਗਾਈਆਂ ਜਾਂਦੀਆਂ ਹਨ । ਰਾਬਿੰਦਰ-ਸੰਗੀਤ (ਟੈਗੋਰ ਮਿਊਜ਼ਿਕ) ਵਾਂਗ, ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ 'ਗੁਰਮਤਿ-ਸੰਗੀਤ' ਨੂੰ ਇਕ ਵਿਸ਼ੇ ਵਜੋਂ ਮਾਨਤਾ ਪ੍ਰਾਪਤ ਹੈ । ਗੁਰਮਤਿ-ਸੰਗੀਤ ਦੀ ਪੇਸ਼ਕਾਰੀ ਵਿਅਕਤੀਗਤ ਰੂਪ ਵਿਚ ਅਤੇ ਜੱਥੇ ਦੇ ਰੂਪ ਵਿਚ ਵੀ ਹੋ ਸਕਦੀ ਹੈ । ਅਜਕਲ੍ਹ ਜੱਥੇ ਦੇ ਰੂਪ ਵਿਚ, ਦੋ ਪ੍ਰਮੁੱਖ ਗਾਇਕ, ਹਾਰਮੋਨੀਅਮ ਨਾਲ ਗਾਉਂਦੇ ਹਨ । ਇਕ ਤਬਲਾ ਵਾਦਕ (ਜੋੜੀ), ਇਕ ਸੰਗਤ-ਵਾਦਕ (ਤਾਨਪੁਰਾ) ਅਤੇ ਇਕ ਤੰਤੀ-ਸਾਜ਼-ਵਾਦਕ ਰਬਾਬ । ਇਸ ਰਾਜ ਜਾਂ ਸਿਤਾਰ ਵਾਦਕ ਵੀ ਹੁੰਦਾ ਹੈ । ਪੁਰਾਣੇ ਵਕਤਾਂ ਵਿਚ : ਤੰਤੀ- ਸਾਜ਼ਾਂ (ਤਾਰ ਵਾਲੇ ਸਾਜ਼ਾਂ) ਨਾਲ ਹੀ ਕੀਰਤਨ ਕੀਤਾ ਜਾਂਦਾ ਸੀ ਪਰ ਅਜਕਲ 'ਹਾਰਮੋਨੀਅਮ' ਦੀ ਵਰਤੋਂ ਹਰੇਕ ਸ਼ੈਲੀ ਨਾਲ ਹੋਣ ਲੱਗ ਪਈ ਹੈ । ਪ੍ਰੋ. ਕਰਤਾਰ ਸਿੰਘ (ਲੁਧਿਆਣੇ ਵਾਲੇ) ਅੱਜ ਵੀ ਤਾਨਪੁਰੇ ਅਤੇ ਹੋਰ ਤੰਤੂ ਸਾਜ਼ਾਂ ਨਾਲ ਕੀਰਤਨ ਕਰਨ ਦੀ ਪਰੰਪਰਾ ਦੇ ਮੁੱਦਈ ਹਨ । ਵਧੇਰੇ ਵਿਸਥਾਰ ਲਈ ਪੜ੍ਹੋ - "ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ (ਖੋਜ ਨਿਬੰਧ)"

**ਸਨਾਤਨ ਧਰਮ ਵਿਚ ਸੰਗੀਤ :** ਭਗਤੀ ਮਾਰਗ ਦੇ ਨੌ ਸਾਧਨਾਂ ਵਿਚ ਕੀਰਤਨ ਨੂੰ ਮਹੱਤਵਪੂਰਣ ਸਥਾਨ ਪ੍ਰਾਪਤ ਹੈ । ਭਗਤੀ ਦੇ ਇਹ ਸਾਧਨ - ਸਰਵਣ, ਕੀਰਤਨ, ਸਿਮਰਣ, ਪਾਦ-ਸੇਵਾ, ਅਰਚਨਾ, ਵੰਦਨਾ, ਸਖਯ, ਦਾਸਯ ਅਤੇ ਆਤਮ ਨਿਵੇਦਨ ਮੰਨੇ ਗਏ ਹਨ । ਇਨ੍ਹਾਂ ਵਿਚੋਂ ਪੰਜ ਭਗਤੀ ਸੋਪਾਨ ਸੰਜੁਗਤ ਹਨ ਅਤੇ ਇਨ੍ਹਾਂ ਪੰਜਾਂ ਦੀ-ਕੀਰਤਨ ਵਿਚ ਸੰਧੀ, ਮੰਨੀ ਜਾਂਦੀ ਹੈ । ਇਹ ਪੰਜੇ ਹਨ-ਸਿਮਰਣ, ਸਰਵਣ, ਵੰਦਨ, ਆਤਮ ਨਿਵੇਦਨ ਅਤੇ ਸਖਯ ਜਾਂ ਦੱਸਯ ਭਾਵ ।

ਬਣਾਵਟ ਦੇ ਪੱਖੋਂ, ਕੀਰਤਨ ਦੇ ਪੰਜ ਤੱਤ ਹਨ - ਸ਼ਬਦ, ਸੁਰਤਿ, ਧੁਨਿ, ਗਤਿ ਅਤੇ ਰਾਗ । ਕਲਾਤਮਕ-ਪੱਖੋਂ ਕੀਰਤਨ ਵਿਚ ਤਾਨ ਪਲਟੇ, ਤਾਲ ਦੀ ਵੰਡ

(ਲੈਕਾਰੀਆਂ) ਭਿੜੰਤ ਆਦਿ ਨੂੰ ਸਥਾਨ ਨਹੀਂ ਦਿਤਾ ਜਾਂਦਾ । ਇਸ ਨਾਲ ਭਗਤੀ ਦੀ ਭਾਵਨਾ ਵਿਚ ਵਿਘਨ ਅਤੇ ਇਕਾਗਰਤਾ ਭੰਗ ਹੋਣ ਦੀ ਸੰਭਾਵਨਾ ਹੁੰਦੀ ਹੈ । ਸਮਾਜਿਕ ਸੰਦਰਭ ਵਿਚ ਕਰਿਤਨ ਦਾ ਸਾਰਥਕ ਮਹੱਤਵ ਹੈ ਕਿਉਂਕਿ ਕੀਰਤਨ - ਕਰਨ ਵਾਲੇ ਅਤੇ ਇਸ਼ਟ ਨੂੰ ਮੰਨਣ ਵਾਲੇ ਵਿਚਕਾਰ, ਇਕ ਅਟੱਲ ਵਫ਼ਾਦਾਰੀ ਦਾ ਨਾਮ ਹੈ । ਇਸ ਵਿਚ ਅਰਜ਼ੋਈ ਕਰਨ ਵਾਲਾ ਨਿੱਜ ਤੋਂ ਉੱਪਰ ਉਠ ਕੇ, ਸੰਗਤ ਵਿਚ ਸਾਮੂਹਿਕ ਰੂਪ ਹੋ ਕੇ, ਸਮੂਹਿਕ ਭਾਵਨਾ ਨਾਲ ਵਿਚਰਦਾ ਹੈ, ਭਗਤੀ ਰਾਮ ਦੀ ਹੋਵੇ ਜਾਂ ਕ੍ਰਿਸ਼ਨ ਦੀ ਅਥਵਾ ਬੁੱਧ ਦੀ, ਹਰ ਸੂਰਤ ਵਿਚ ਪੂਜਾ ਲਈ ਮੰਦਰ ਉਸਾਰੇ ਗਏ, ਪੁਰੋਹਿਤਾਂ-ਪੁਜਾਰੀਆਂ ਦੀ ਰੀਤ ਚੱਲੀ ਅਤੇ ਕੀਰਤਨ ਦੀ ਪੁਸ਼ਟ ਪਰੰਪਰਾ ਦਾ ਵਿਸਤਾਰ ਹੋਇਆ । ਇਹ ਕੀਰਤਨ ਦੀ ਪਰੰਪਰਾ ਅੱਜ ਵੀ ਭਗਤਾਂ ਦੀਆਂ ਸੰਗਤਾਂ ਦਾ ਸ਼ਿੰਗਾਰ ਬਣੀ ਹੋਈ ਹੈ ।

ਪਟਨਾ ਯੂਨੀਵਰਸਿਟੀ ਦੇ ਪ੍ਰੋਫੈਸਰ ਬਚਨ ਦੇਵ ਕੁਮਾਰ ਅਪਣੇ ਇਕ ਖੋਜ ਨਿਬੰਧ ਵਿਚ ਲਿਖਦੇ ਹਨ ਕਿ -ਭਗਤ ਕਬੀਰ ਵਾਂਗ, ਗੁਸਾਈਂ ਤੁਲਸੀ ਦਾਸ ਵੀ ਰਾਗ ਤੋਂ ਜਾਣੂ ਸਨ ਅਤੇ ਅਪਣੇ ਪਦਾਂ ਵਿਚ ਰਾਗਾਂ ਦੀ ਵਰਤੋਂ ਕਰਦੇ ਸਨ । ਰਾਮਾਇਣ ਤੋਂ ਇਲਾਵਾ ਕ੍ਰਿਸ਼ਨ ਗੀਤਾਵਲੀ ਅਤੇ ਵਿਨਯ ਪਤ੍ਰਿਕਾ ਵਿਚ ਵੀ ਰਾਗ ਸਿਰਲੇਖ ਉਪਲੱਬਧ ਹਨ ਜਿਵੇਂ- ਕੇਦਾਰਾ, ਮੌਰੀ, ਕਾਨੜਾ, ਨਟ, ਬਿਲਾਵਲ, ਮਲ੍ਹਾਰ, ਲਲਿਤ ਅਤੇ ਧਨਾਸਰੀ । ਇਵੇਂ ਹੀ - ਜੈਤਸ੍ਰੀ, ਸੋਰਠਿ, ਸਾਰੰਗ, ਤੋੜੀ, ਮਾਰੂ, ਭੈਰਵ ਅਤੇ ਰਾਮਕਲੀ ਆਦਿ ਰਾਗਾਂ ਦੀ ਵਰਤੋਂ ਕੀਤੀ ਗਈ ਹੈ ।

ਸੰਤ ਸੰਗੀਤਕਾਰ ਚੈਤੰਨਯ ਮਹਾਪ੍ਰਭੂ ਨੂੰ ਕੌਣ ਨਹੀਂ ਜਾਣਦਾ ? ਜਿਸਨੇ ਕੀਰਤਨ-ਪਰੰਪਰਾ ਨੂੰ ਵਿਕਸਤ ਕਰਨ ਦੇ ਲਈ, ਚੈਤੰਨਯ ਮਹਾਂਪ੍ਰਭੂ ਜੈਦੇਵ, ਵਿੱਦਿਆਪਤੀ ਅਤੇ ਚੰਡੀਦਾਸ ਦੀਆਂ ਕੀਰਤਨ ਰਚਨਾਵਾਂ ਦੇ ਗਾਇਨ ਲਈ, ਇਕ ਮੰਡਲੀ ਬਣਾ ਕੇ ਕੀਰਤਨ ਦੀ ਮੁਹਿੰਮ (ਨਗਰ - ਕੀਰਤਨ) ਆਰੰਭੀ । ਉਸ ਕਾਲ ਦੇ ਕਾਜ਼ੀਆਂ ਨੇ ਗਲੀਆਂ ਵਿਚ 'ਨਗਰ-ਕੀਰਤਨ' ਦੀ ਮਨਾਹੀ ਦੇ ਹੁਕਮ ਜਾਰੀ ਕੀਤੇ । ਇਨ੍ਹਾਂ ਨੇ ਲੋਕਾਂ ਨੂੰ ਨਾਲ ਲੈ ਕੇ, ਕੀਰਤਨ ਕਰਦੇ ਹੋਏ, ਕਾਜ਼ੀ ਦੇ ਘਰ ਵੱਲ ਨੂੰ ਵਧਣਾ ਸ਼ੁਰੂ ਕੀਤਾ ਤਾਂ ਅਖ਼ੀਰ ਕਾਜ਼ੀ ਨੂੰ ਮੁਆਫੀ ਮੰਗ ਕੇ, ਮਨਾਹੀ ਦੇ ਹੁਕਮ ਵਾਪਿਸ ਲੈਣੇ ਪਏ ।

ਭਗਤ ਗਿਆਨਦੇਵ, ਤੁਕਾਰਾਮ ਅਤੇ ਨਾਮਦੇਵ ਆਦਿ ਪੰਥ ਦੇ ਸਾਰੇ ਸੰਤਾਂ ਦਾ ਬਹੁਤਾ ਲਗਾਉ ਕੀਰਤਨ ਨਾਲ ਹੀ ਰਿਹਾ ਹੈ । ਇਹ ਸਾਰੇ ਗੈਰ ਬ੍ਰਾਹਮਣ ਸਨ । ਸ਼ਾਸਤਰਧਾਰੀ ਨਹੀਂ ਸਨ । ਆਮ ਲੋਕਾਂ ਤਕ ਪਹੁੰਚਣ ਦਾ ਉਨ੍ਹਾਂ ਪਾਸ ਇਕੋ-ਇਕ ਵਸੀਲਾ- 'ਕੀਰਤਨ' ਸੀ । ਕੀਰਤਨ ਵਿਚਲੇ ਸੰਗੀਤ-ਪ੍ਰਭਾਵ ਨੇ, ਸਭ ਲੋਕਾਂ ਨੂੰ ਪ੍ਰਭਾਵਿਤ ਕੀਤਾ ਕਿਉਂਕਿ ਇਹ ਸਾਰੇ ਹੀ ਵਧੀਆਂ ਕੀਰਤਨਕਾਰ ਸਨ । ਨਾਮਦੇਵ ਨੇ ਮਹਾਂਰਾਸ਼ਟਰ, ਗੁਜਰਾਤ ਅਤੇ ਪੰਜਾਬ ਤੋਂ ਇਲਾਵਾਂ ਹੋਰ ਵੀ ਗੁਆਂਢੀ ਇਲਾਕਿਆਂ ਵਿਚ ਕੀਰਤਨ ਰਾਹੀਂ ਅਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ । ਧਾਰਮਿਕ ਆਜ਼ਾਦੀ ਅਤੇ ਜਾਤ-ਪਾਤ ਦੇ ਵਿਤਕਰੇ ਵਿਰੁੱਧ ਸੰਘਰਸ਼ ਕਰਦਿਆਂ ਹੋਇਆ 1350 ਈ. ਵਿਚ ਉਸਦਾ ਦੇਹਾਂਤ ਹੋ ਗਿਆ ।

ਮਹਾਂਰਾਸ਼ਟਰ ਵਿਚ ਭੌਂਸਲੇ ਰਾਜਿਆਂ ਦੀ ਚਲਾਈ ਹੋਈ ਕੀਰਤਨ-ਪ੍ਰਥਾ ਦਾ ਵਰਣਨ ਕਰਨਾ ਵੀ ਜ਼ਰੂਰੀ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਇਸ ਦੇ ਲਈ ਸਰਕਾਰੀ ਤੌਰ ਤੇ ਸੰਗੀਤਕ-ਮਤੀ ਵਿਧੀਆਂ ਨੂੰ ਅੱਗੇ ਵਧਾਉਣ ਲਈ ਯਤਨ ਕੀਤੇ ਜਿਵੇਂ- ਹਰਿ ਕੀਰਤਨ ਦੀ ਪੇਸ਼ਕਾਰੀ, ਹਰੀ ਕਥਾ, ਸ਼ੰਕਰ-ਕਾਲੀ-ਸੰਵਾਦ ਨਾਟਕ, ਪਾਲਕੀ-ਪ੍ਰਬੰਧਮ, ਉਪੇਰਾ ਆਦਿ ਦੇ ਪ੍ਰਚਾਰ ਲਈ ਯੋਗਦਾਨ ਪਾਇਆ । ਵਿਸ਼ਨੂ ਦਿਗੰਬਰ ਪਲੁਸਕਾਰ ਦੀ ਰਾਗਾਂ ਵਿਚ ਕੀਰਤਨ ਦੀ ਲਹਿਰ, ਅਬਦੁਲ ਕਰੀਮ ਖਾਂ ਦੀ ਠੁਮਰੀ ਸ਼ੈਲੀ ਵਿਚ ਨਵੇਂ ਰੁਝਾਨ ਅਤੇ ਰਾਮ ਕਥਾ, ਰਾਮਾਇਣ ਦੀ ਚੌਪਾਈਆਂ ਦਾ ਗਾਇਨ ਆਦਿ- ਕੀਰਤਨ ਸਮਗੀਤ ਵੱਲ ਹੀ ਇਕ ਕਦਮ ਸੀ ।

ਉਪਰੋਕਤ ਗਾਇਕ-ਕਵੀ-ਭਗਤ (ਸ੍ਰੀ ਵੱਲਭਾਚਾਰਯ ਅਤੇ ਸ੍ਰੀ ਬਿੱਠਲ ਨਾਥ ਆਦਿ ) ਨਿੱਤ ਦੇ ਕੀਰਤਨ ਲਈ ਆਪ ਹੀ ਪਦ ਰਚਨਾ ਕਰਦੇ ਸਨ ਤੇ ਆਪ ਹੀ ਸੁਰ ਰਚਨਾ ਕਰਕੇ ਗਾਉਂਦੇ ਸਨ । ਅਗਲੀ ਪੀੜ੍ਹੀ ਨੂੰ ਗਾਇਨ ਦੀ ਸਿੱਖਿਆ ਵੀ ਆਪ ਹੀ ਦੇਂਦੇ ਸਨ । ਇਸ ਤਰ੍ਹਾਂ ਕਿਸੇ ਗਾਇਨ ਪ੍ਰਣਾਲੀ ਵਿਚ ਪ੍ਰਵੀਣਤਾ ਬਿਨਾਂ ਨਹੀਂ ਕੀਤਾ ਜਾ ਸਕਦਾ ।

ਆਡਿਤਰਾਮ ਦੀ ਸੁਰਾਸ਼ਟਰੀ ਸ਼ੈਲੀ ਸਭ ਤੋਂ ਪਿਛਕੜਲੀ ਪ੍ਰਾਪਤੀ ਹੈ । ਉਹ ਆਪਣੇ ਸਮੇਂ ਦੇ ਪ੍ਰਮੁੱਖ ਕੀਰਤਨੀਏ ਸਨ ਅਤੇ ਰਾਗ ਦੇ ਆਚਾਰੀਆ ਵੀ । ਉਨ੍ਹਾਂ ਦੀ ਸ਼ੈਲੀ ਨੂੰ ਚੂਨਾਗੜ੍ਹ, ਮੋਰਵੀ, ਪੋਰਬੰਦਰ, ਜਾਮਨਗਰ ਅਤੇ ਧਰਾਂਗਧਰਾ ਦੇ ਗੁਸਾਂਈ ਬਾਲਕਿਆਂ ਨੇ ਲਾਗੂ ਕੀਤਾ । ਨਾਥ ਦੁਆਰੇ ਦੀ ਸ਼ੈਲੀ, ਅਪਣੀ ਹੋਂਦ ਬਣਾਈ ਰੱਖਣ ਵਿਚ ਸਫਲ ਸਿੱਧ ਹੋਈ ਹੈ । ਭਾਵ ਨਗਰ ਦੇ ਵਿਠਲ ਦਾਸ ਬਾਪੋਦਰਾ, ਇਕ ਹੋਰ ਨਵੀਨ ਸ਼ੈਲੀ ਨੂੰ ਪ੍ਰਚਾਰ ਵਿਚ ਲਿਆ ਰਹੇ ਹਨ ਜਿਹੜੀ ਰੂਪ-ਆਕਾਰ ਦੇ ਪੱਖੋਂ ਨਵੀਨ ਅਤੇ ਚਿੰਤਨ-ਆਧਾਰ ਅਤੇ ਵਿਹਾਰ ਵਿਚ, ਪ੍ਰਾਚੀਨ ਪਰੰਪਰਾ ਨਾਲ, ਜੁੜੀ ਦੱਸੀ ਜਾਂਦੀ ਹੈ ।

ਪੁਸ਼ਟੀ-ਮਾਰਗ ਦੇ ਗਾਇਕ ਤੇ ਲੇਖਕਾਂ ਨੇ ਸੰਸਕ੍ਰਿਤ ਰਚਨਾ ਅਤੇ ਵਿਧੀਆਂ ਨੂੰ ਛੰਦਾਂ ਦੇ ਨਾਲ ਨਾਲ, ਦੇਸੀ-ਰੀਤਾਂ ਅਤੇ ਗੀਤਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ । ਜਿਥੇ ਸ੍ਰੀ ਮਦ ਭਗਵਤ ਪੁਰਾਣ ਵਿਚ ਦੱਸੇ ਪੰਚ-ਗੀਤਾਂ ਭ੍ਰਮਰ-ਗੀਤ, ਯੁਗਲ-ਗੀਤ, ਵੇਣੂ-ਗੀਤ, ਗੋਪੀ-ਗੀਤ ਅਤੇ ਸਤੋਤਰ ਆਦਿ ਦੀ ਸਰਦਾਰੀ ਹੈ । ਉਥੇ ਹੀ ਅਨੇਕਾਂ ਲੋਕ ਗੀਤਾਂ ਜਿਵੇਂ ਕਿ ਗੁਜਰਾਤ ਦੇ ਧਵਲ-ਗੀਤਾਂ, ਛੋਲ-ਗੀਤਾਂ ਆਦਿ ਦਾ ਮਹੱਤਵ ਵੀ ਕੁਝ ਵਧੇਰੇ ਹੀ ਨਿਖਰਵਾਂ ਹੈ ।

ਖ਼ਿਆਲ ਗਾਇਕੀ ਦੇ ਕੀਰਤਨ ਵਿਚ ਪ੍ਰਵੇਸ਼ ਦੀਆਂ ਸੰਭਾਵਨਾਵਾਂ ਦੀ ਗੱਲ ਵਧੇਰੇ ਜੜ੍ਹ ਨਹੀਂ ਫੜ ਸਕੀ । ਸ਼ਾਇਦ ਇਸ ਕਰਕੇ ਕਿ 'ਖ਼ਿਆਲ' ਇਕੱਲਿਆਂ ਗਾਉਣ ਵਾਲੀ ਸ਼ੈਲੀ ਹੈ ਅਤੇ 'ਕੀਰਤਨ', ਸਮੂਹ-ਗਾਇਨ ਦਾ ਪ੍ਰਤੀਕ ਹੈ । ਇਹ ਵੱਖਰੀ ਗੱਲ ਹੈ ਕਿ ਅੱਜ ਅਸੀਂ ਜੋ ਕੀਰਤਨ ਕਰਦੇ-ਕਰਵਾਉਂਦੇ ਹਾਂ ਉਹ ਵੱਧ ਤੋਂ ਵੱਧ 'ਬ੍ਰਿੰਦ-ਗਾਇਨ' ਦੀ ਵਰਗ-ਵੰਡ ਵਿਚ ਸਮੋਇਆ ਜਾ ਸਕਦਾ ਹੈ । ਇਹੋ ਹਾਲ ਦੱਖਣ ਦੀਆਂ ਦੇਵ-ਦਾਸੀਆਂ ਦੇ 'ਸਾਦਰਾ' (ਭਗਤੀ ਨ੍ਰਿਤ) ਦਾ ਹੈ ਬੰਗਾਲੀ ਖੇਤਰਾਂ ਦੇ 'ਯਾਤ੍ਰਾ-ਨ੍ਰਿਤ-ਕੀਰਤਨ' ਵੀ ਖੇਤਰੀ ਪੱਧਰ ਤੱਕ ਹਨ । ਰਾਸ ਲੀਲਾ ਤੇ ਰਾਮ ਲੀਲਾ ਦੀ ਪਰੰਪਰਾ ਵੀ ਖੇਤਰੀ ਕਲਾ ਹੀ ਹੈ - ਘਰੇਲੂ ਪੱਧਰ ਤੇ ਕੀਰਤਨ ਪਰੰਪਰਾ ਦਾ ਸਥਾਨ ਗ੍ਰਹਿਣ ਨਹੀਂ ਕਰ ਸਕੀ ।

**ਜੈਨ ਧਰਮ ਵਿਚ ਸੰਗੀਤ :** ਛੇਵੀਂ ਸਦੀ ਦੇ ਉੱਤਰੀ ਭਾਰਤ ਵਿਚ ਦੋ ਮਹਾਂਪੁਰਖ ਪੈਦਾ ਹੋਏ । ਇਹ ਮਹਾਂਪੁਰਖ-ਮਹਾਂਬੀਰ ਸੁਆਮੀ ਅਤੇ ਗੌਤਮ ਬੁੱਧ ਦੇ ਨਾਮ ਨਾਲ, ਸੰਸਾਰ ਦੇ ਇਤਿਹਾਸ ਵਿਚ ਪ੍ਰਸਿੱਧ ਹਨ । ਮਹਾਂਵੀਰ ਜੀ ਦਾ ਜਨਮ -599 ਈਸਾ ਪੂਰਵ, ਬਿਹਾਰ ਦੇ ਮੁਜੱਫਰਪੁਰ ਜ਼ਿਲੇ ਦੇ 'ਬਸਾੜ' ਨਾਮ ਕਸਬੇ ਵਿਚ ਹੋਇਆ । ਬਚਪਨ ਦਾ ਨਾਮ ਵਰਧਮਾਨ ਸੀ । ਮਾਤਾ ਅਤੇ ਪਿਤਾ ਦੋਵੇਂ ਰਾਜ ਘਰਾਨੇ ਨਾਲ ਸੰਬੰਧਿਤ ਸਨ । ਪਤਨੀ ਦਾ ਨਾਮ 'ਯਸ਼ੋਦਾ' ਸੀ । ਜਵਾਨੀ ਵਿਚ ਗ੍ਰਹਿ ਤਿਆਗ 42 ਸਾਲ ਤੋਂ ਪਿਛੋਂ ਇਨ੍ਹਾਂ ਨੇ ਜੈਨ ਧਰਮ ਦੀ ਸਥਾਪਨਾ ਕੀਤੀ । 72 ਸਾਲ ਦੀ ਆਯੂ ਵਿਚ ਇਨ੍ਹਾਂ ਦਾ ਦੇਹਾਂਤ ਹੋਇਆ । ਉਸ ਕਾਲ ਵਿਚ ਸੰਗੀਤ ਕਲਾ ਉਪਰ ਬ੍ਰਾਹਮਣ-ਵਰਗ ਦਾ, ਏਕਾਧਿਕਾਰ ਸੀ । ਮਹਾਂਬੀਰ ਜੀ ਨੇ - ਜੈਨ ਧਰਮ ਦੇ ਪ੍ਰਚਾਰ ਲਈ, ਸੰਗੀਤ ਦਾ ਪ੍ਰਯੋਗ ਕਰਕੇ, ਉਸ ਏਕਾਧਿਕਾਰ ਨੂੰ ਸਮਾਪਤ ਕਰਨ ਦੇ ਨਾਲ ਨਾਲ-ਧਰਮ ਸੰਬੰਧੀ ਨਵੀਂ ਵਿਚਾਰਧਾਰਾ ਨੂੰ ਅੱਗੇ ਲਿਆ ਕੇ, ਸੰਗੀਤ ਦੀ ਕ੍ਰਾਂਤੀਕਾਰੀ ਲਹਿਰ ਨੂੰ ਅੱਗੇ ਤੋਰਿਆ । ਸੱਚ, ਅਹਿੰਸਾ, ਇੰਦ੍ਰੀਆਂ ਤੇ ਨਿਯੰਤਰਣ, ਪਵਿੱਤਰਤਾ ਅਤੇ ਚਰਿੱਤਰ ਨਿਰਮਾਣ ਦੇ ਲਈ, ਸੰਗੀਤ-ਸਾਧਨਾ ਤੇ ਜ਼ੋਰ ਦਿਤਾ ਸੀ । ਜੈਨ ਕਾਲ ਵਿਚ, ਸੰਗੀਤ ਦੀ ਆਧਾਰ ਸ਼ਿਲਾ, ਉਪਰੋਕਤ ਪੰਜ ਸਿਧਾਂਤਾਂ ਉਪਰ ਮਜ਼ਬੂਰ ਹੋਈ । ਸੰਗੀਤ ਦੇ ਖੇਤਰ ਵਿਚ ਪ੍ਰਤੀਯੋਗਿਤਾ ਵੀ ਪ੍ਰਾਰੰਭ ਹੋਈਆਂ । ਅਨੇਕਾਂ ਪ੍ਰਕਾਰ ਦੀਆਂ 'ਵੀਣਾਂ' ਜਿਵੇਂ - ਪਰਿਵਾਦਨੀ, ਵਿਪੰਚੀ, ਵੱਲਕੀ, ਮਹਿਤੀ, ਨਕੁਲੀ, ਕੱਛਪੀ, ਤੁਵੰ ਵੀਣਾਂ ਆਦਿ ਪ੍ਰਚੱਲਿਤ ਹੋਈਆਂ । ਸੱਤ ਤਾਰਾਂ ਵਾਲੀ ਵੀਣਾਂ ਅਤੇ ਵੀਣਾਂ ਵਾਦਕਾਂ ਦਾ ਵਰਣਨ ਵੀ ਜੈਨ ਗ੍ਰੰਥਾਂ ਵਿਚੋਂ ਮਿਲਦਾ ਹੈ । ਰਾਜਾ ਬ੍ਰਹਮਦੱਤ ਦੇ ਦਰਬਾਰ ਵਿਚ 'ਗੁਤਿਲ' ਨਾਮ ਦੇ ਇਕ ਗਾਇਕ ਅਤੇ 'ਮੁਸ਼ਿਲ' ਗਾਇਕ (ਸ਼ਿਸ਼) ਅਰਥਾਤ ਗੁਰੂ ਸ਼ਿਸ਼ ਦੀ ਸੰਗੀਤ ਪ੍ਰਤੀਯੋਗਤਾ ਦਾ ਜ਼ਿਕਰ ਵੀ ਮਿਲਦਾ ਹੈ ।

'ਜਿਨ' ਤੋਂ ਹੀ 'ਜੈਨ' ਸ਼ਬਦ ਪ੍ਰਚੱਲਿਤ ਹੋਇਆ ਹੈ ਜਿਸਦਾ ਅਰਥ ਹੈ - ਮਨ, ਵਚਨ, ਕਰਮ ਤੇ ਇੰਦ੍ਰੀਆਂ ਨੂੰ ਜਿੱਤਣ ਵਾਲ । ਜੈਨ ਦਰਮ ਦੇ ਰਿਸ਼ੀਆਂ-ਮੁਨੀਆਂ ਤੇ ਪ੍ਰਚਾਰਕਾਂ ਨੇ ਵੀ ਮਨ ਦੀ ਇਕਾਗਰਤਾ ਦੇ ਲਈ ਅਤੇ ਧਰਮ ਪ੍ਰਚਾਰ ਦੇ ਲਈ, ਸੰਗੀਤ ਨੂੰ ਪ੍ਰਯੋਗ ਕੀਤਾ ਹੈ ।

ਜੈਨ ਧਰਮ ਦੇ ਕਵੀਆਂ ਨੂੰ, ਸ਼ਾਸਤ੍ਰੀ ਸੰਗੀਤ ਅਤੇ ਲੋਕ ਸੰਗੀਤ ਦੋਹਾਂ ਦਾ ਗਿਆਨ ਸੀ । ਉਨ੍ਹਾਂ ਨੇ ਦੋਹਾਂ ਸ਼ੈਲੀਆਂ ਦਾ ਪ੍ਰਯੋਗ ਕਿਤਾ ਹੈ । ਲੋਕ ਗੀਤਾਂ ਦੀਆਂ ਪ੍ਰਚੱਲਿਤ ਧੁਨਾਂ ਤੇ ਅਧਾਰਿਤ, ਜੈਨ-ਗੀਤਾਂ ਦੇ ਹਜ਼ਾਰਾਂ, ਪਦ, ਢਾਲੇ, ਸਤਵਨ, ਸੌਝਾਏ ਆਦਿ ਉਪਲਬੱਧ ਹਨ । ਸਤ੍ਹਾਰਵੀਂ ਸਦੀ ਵਿਚ ਜੈਨ ਕਵੀਸ਼ਰ 'ਸ਼ਾਮਯਸੁੰਦਰ' ਅਕਬਰ ਬਾਦਸ਼ਾਹ ਵੱਲੋਂ ਸਨਮਾਨੇ ਗਏ । ਉਨ੍ਹਾਂ ਦੇ ਗ੍ਰੰਥ 'ਪਾਲਹਣਪੁਰ-ਮੰਡਨ' ਤੇ ਚੰਦਰਪ੍ਰਭਾ ਜਿਨ ਵਿਚ (44) ਰਾਗਾਂ ਦੇ ਅੰਤਰਗਤ 'ਸਤਵਨ' ਮਿਲਦੇ ਹਨ । ਇਵੇਂ ਹੀ 1656 ਹਿ. ਸੰ. ਦੇ ਜੈਸਲਮੇਰ-ਪਾਸ਼ਰਵ-ਸਤਵਾਨ ਗ੍ਰੰਥ ਵਿਚ 917. ਰਾਗਾਂ ਦਾ ਹਵਾਲਾ ਮਿਲਦਾ ਹੈ । ਦਰੁਪਦ (ਧਰੁਪਦ) ਦੇ ਰੂਪ ਵਿਚ ਉਨ੍ਹਾਂ ਦੇ, ਛੱਤੀ (36) ਪਦ, 'ਛੱਤੀਸੀ' ਗ੍ਰੰਥ ਵਿਚ ਉਪਲਬਧ ਹਨ । ਉਨ੍ਹਾਂ ਦੀਆਂ (563) ਲਘੂ ਰਚਨਾਵਾਂ ਦਾ ਸੰਗ੍ਰਹਿ ਵੀ ਸਮਯਸੁੰਦਰ ਕ੍ਰਿਤ - 'ਕੁਸਮਾਂਜਲੀ' ਨਾਮ ਨਾਲ ਪ੍ਰਕਾਸ਼ਿਤ ਹੋ ਚੁਕਾ ਹੈ । ਜੈਨ ਕਵੀਆਂ ਦੀਆਂ ਸੰਗੀਤਕ ਰਚਨਾਵਾਂ ਸੰਬੰਧੀ ਡਾ. ਪ੍ਰੇਮ ਸਾਗਰ ਜੈਨ ਦਾ ਇਕ ਖੋਜ ਪੱਤਰ, ਭਾਰਤੀ ਗਿਆਨ ਪੀਠ ਬਨਾਰਸ ਵਲੋਂ ਪ੍ਰਕਾਸ਼ਿਤ ਹੋ ਚੁਕਾ ਹੈ ਜਿਸਦਾ ਅਧਿਐਨ ਕਰਨ ਤੋਂ ਇਹ ਪਤਾ ਲਗਦਾ ਹੈ ਕਿ-ਜੈਨ ਧਰਮ ਵਿਚ ਸੰਗੀਤ ਕਲਾ ਦਾ ਇਤਿਹਾਸਕ ਵਿਕਾਸ ਕ੍ਰਮਬੱਧ ਰੂਪ ਵਿਚ ਚੱਲਿਆ ਆ ਰਿਹਾ ਹੈ ।

ਜੈਨ ਧਰਮ ਦੇ ਮੱਧਕਾਲੀਨ ਕਵੀਆਂ - ਭੂਘਰ ਦਾਸ, ਸੇਨਾਚਾਰੀਆਂ, ਭਾਗ ਚੰਦ, ਬੱਧਜਨ, ਦਿਆਨ੍ਰਤ ਰਾਇ, ਦੌਲਤ ਰਾਇ, ਜਿੰਨੇਸ਼ਵਰ ਦਾਸ, ਜਿਨਦੱਤ ਸੂਰੀ, ਮਾਤਾ ਚੰਦ ਆਦਿ ਦੀਆਂ ਰਚਨਾਵਾਂ ਪੂਰੀ ਤਰ੍ਹਾਂ ਨਾਲ ਸੰਗੀਤਕ ਹਨ । ਰਾਗ-ਰੱਸ ਦੀ ਕਸੌਟੀ ਤੇ ਖਰੀਆਂ ਉਤਰਦੀਆਂ ਹਨ । ਅਨੇਕਾਂ ਪ੍ਰਕਾਰ ਦੀ ਛੰਦ ਰਚਨਾ ਜਾਂ ਗੀਤ ਰਚਨਾ ਉਪਲੱਬਧ ਹੈ ਜਿਵੇਂ - ਧਰੁਪਦ, ਟੇਕ, ਚਾਰਕੜੀਆਂ, ਰੰਗ ਤਲੰਗੜੀ, ਲਾਵਣੀ, ਦੋਹਾਂ, ਸ਼ੇਅਰ -ਗਜ਼ਲ, ਕਬਿੱਤ, ਮਤੱਗ-ਛੰਦ, ਕਵਿਤਮਨ ਹਰ, ਸਰਿਯਾ, ਸਵੈਯਾ, ਚੱਪਯ, ਚੋਪਾਈ, ਸੁੰਦਰੀ ਮੰਦਲ, ਮੰਡਲ, ਨਾਚ, ਨਾਮ ਗੀਤ, ਗਜ਼ਲ, ਰਾਗ, ਖਿਆਲ ਠੁਮਰੀ ਵਸਤੂ, ਭੁਜੰਗ ਪ੍ਰਯਾਤ ਛੰਦ, ਦਵੱਤ, ਵਿਲੰਬਤ ਅਤੇ ਮਾਲਨੀ ਆਦਿ । ਜੈਨ ਕਵੀਆਂ ਨੇ ਵਧੇਰੇ ਕਰਕੇ, ਇਨ੍ਹਾਂ ਉਤਰੀ ਅਤੇ ਦੱਖਣੀ ਰਾਗਾਂ ਦੀ ਵਰਤੋਂ ਕੀਤੀ ਹੈ : ਪੂਰਵੀ, ਲਲਿਤ, ਕਲਿਆਨ, ਪ੍ਰਭਾਤੀ, ਮਲਹਾਰ, ਕਾਨ੍ਹੜਾ, ਪ੍ਰਭਾਤੀ ਬੰਗਾਲੀ, ਗੌੜੀ, ਕਲਿੰਗੜਾ, ਪੀਤਾਬਰੀ, ਬਿਹਾਗ, ਮਾਲਕੌਂਸ ਸਿਰੀ, ਧਨਾਸਰੀ, ਜ਼ਿਲਾ, ਬਿਲਾਵਲ, ਅਲੈਹਧਾ ਬਿਲਵਾਲ, ਗੌਰੀ, ਯਮਨ, ਮਾਂਡ, ਨਟ, ਬਸੰਤ, ਕੇਦਾਰ, ਆਸਾਵਰੀ, ਸਾਰੰਗ, ਪੰਚਮ ਸ਼ਾਮ ਕਲਿਆਣ, ਭੈਰਵ, ਭੈਰਵੀ, ਰਾਮਕਲੀ ਆਦਿ । ਇਵੇਂ ਹੀ ਤੀਨਤਾਲ, ਧੀਮਾ ਤ੍ਰਿਤਾਲਾ, ਏਕਤਾਲ, ਦਾਦਰਾ, ਦੀਪਚੰਦੀ, ਖੇਮਟਾ ਕਹਿਰਵਾ, ਧਮਾਰ ਅਤੇ ਚਾਰ ਤਾਲ ਆਦਿ ਦੀ ਆਪ ਵਰਤੋਂ ਕੀਤੀ ਹੈ । ਤਾਲ ਪ੍ਰਕਰਣ ਵਿਚ (72) ਤਾਲਾਂ ਦੇ ਬੋਲ (ਕੁਛ ਅੰਤਰ-ਸਹਿਤੀ) ਉਪਲੱਬਧ ਹਨ । ਕਿਰਤ ਕਲਾਂ ਦੇ ਸੰਬੰਧ ਵਿਚ ਵੀ ਜੈਨ ਗ੍ਰੰਥਾਂ ਵਿਚ ਮਹੱਤਵਪੂਰਣ ਜਾਣਕਾਰੀ ਹੈ ।

ਸੰਗੀਤ ਸ਼ਾਸ਼ਤਰ ਦੇ ਪੱਖੋਂ - 'ਸੰਗੀਤ-ਸਮੈਂ-ਸਾਰ' ਕ੍ਰਿਤ ਆਚਾਰੀਆਂ ਪਾਸ਼ਰਵਦੇਵ ਅਤੇ ਆਚਾਰੀਆਂ ਸੁਧਾਕਰ ਕ੍ਰਿਤ 'ਸੰਗੀਤੋਪਨਿਸ਼ਦ-ਸਾਰ' ਉਪਲੱਬਧ ਹੈ, ਜਿਸ ਤੋਂ ਜੈਨ ਧਰਮ ਵਿਚ ਸੰਗੀਤ ਦਾ ਵਿਕਾਸ ਦਾ ਯੋਜਨਾਬੱਧ ਦ੍ਰਿਸ਼ਟੀਗਤ ਹੁੰਦਾ ਹੈ । ਜੈਨ ਯੁੱਗ ਦੇ ਸੰਗੀਤ ਸੰਬੰਧੀ ਪੱਛਮੀ ਵਿਦਵਾਨ -'ਵਾਲਟੇਅਰ' ਨੇ ਬੜੇ ਨਿਰਪੱਖ ਹੋ ਕੇ ਲਿਖਿਆ ਹੈ ਕਿ - "ਜੈਨ ਯੁਗ ਦੇ ਸੰਗੀਤ ਨੇ 'ਜਾਤੀ-ਬੰਧਨਾਂ' ਤੋਂ ਮੁਕਤ ਹੋ ਕਿ ਰਾਜਾ-ਤੋਂ-ਰੰਕ ਤਕ, ਵਿਸਥਾਰ ਕੀਤਾ । ਨਵੀਆਂ ਸ਼ੈਲੀਆਂ ਨਵੀਆਂ ਧੁਨਾਂ, ਪੁਰਾਣੇ ਸਾਜ਼, ਅਤੇ ਪ੍ਰਚੱਲਿਤ, ਰਾਗਾਂ-ਤਾਲਾਂ ਦੀ ਲੋਕ ਪ੍ਰਿਅਤਾ ਅੱਗੇ ਵਧੀ ।

ਰਾਜ ਦਰਬਾਰਾਂ ਵਿਚ ਨਿਰਤ ਸਮਾਰੋਹ ਜ਼ਿਆਦਾ ਤੌਰ ਤੇ ਕੀਤੇ ਜਾਂਦੇ ਸਨ । ਉਚ ਘਰਾਣਿਆਂ ਦੀਆਂ ਕੰਨਿਆਵਾਂ ਵੀ ਸਾਰਵਜਨਿਕ ਸਮਾਰੋਹਾਂ ਵਿਚ ਨਿਰਤ-ਸੰਗੀਤ ਪੇਸ਼ ਕਰਦੀਆਂ ਸਨ । ਉਨ੍ਹਾਂ ਨਿਰਤਕੀਆਂ ਦਾ ਮਾਣ ਸਤਿਕਾਰ ਰਾਜਿਆਂ ਵਾਂਗ ਹੁੰਦਾ ਸੀ, ਲੇਕਿਨ ਉਨ੍ਹਾਂ ਦਾ ਚਰਿੱਤਰ ਬੜਾ ਹੀ ਨਿਰਮਲ ਹੁੰਦਾ ਸੀ । ਸਮਾਜ ਵਿਚ ਸੰਗੀਤ ਦਾ ਗੌਰਵ ਅਪਣੀ ਉਚ ਪਰੰਪਰਾ ਤੇ ਸੀ । ਸੰਗੀਤ ਦੇ ਸੰਚਾਲਨ ਦੀ ਵਾਗਡੋਰ ਆਮ ਸੰਗੀਤ ਦਾ ਸੰਬੰਧ ਜਨ ਸਾਧਾਰਣ ਤਕ ਸੀ । ਪੰਜਾਬ ਵਿਚ ਵੀ ਜੈਨ ਧਰਮ ਦੇ ਪ੍ਰਚਾਰਕਾਂ ਨੇ ਸੰਗੀਤ ਨੂੰ ਫੈਲਾਇਆ ਅਤੇ ਜੈਨ ਗੀਤਾਂ ਦੀ ਲੋਕ ਪ੍ਰਿਯਤਾ ਪੰਜਾਬ ਵਿਚ ਵੀ ਹੋਈ । (ਚਲਦਾ)

# ਪੰਜ ਪਿਆਰੇ

## (ਅਰਦਾਸ) - ਡਾ. ਜਸਵੰਤ ਸਿੰਘ ਨੇਕੀ



ਗੁਰੂ ਘਰ ਵਿਚ ਸ਼ੁਰੂ ਤੋਂ ਹੀ ਪੰਜ ਗੁਰਮੁਖਾਂ ਦੀ ਪ੍ਰਧਾਨਤਾ ਚਲੀ ਆਈ ਹੈ । ਭਾਈ ਗੁਰਦਾਸ ਜੀ ਨੇ ਇਸ ਦੀ ਸ਼ਾਹਦੀ ਭਰੀ ਹੈ :

ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦ ਲਿਵ ਲਾਈ ।
ਸਾਧ ਸੰਗਤਿ ਸੋਹਨਿ ਗੁਰ ਭਾਈ ।  -ਵਾਰ ੨੯-੬

ਪੁਨਾ :

ਸਬਦ ਸੁਰਤ ਲਿਵ ਗੁਰੂ ਸਿਖ ਸੰਧਿ ਮਿਲੇ
ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ ।  -ਕਬਿਤ, -੨੯

ਭਾਈ ਸੰਤੋਖ ਸਿੰਘ ਜੀ ਭੀ ਇਸੇ ਮਰਯਾਦਾ ਦੀ ਸਾਖੀ ਦੇਂਦੇ ਹਨ :

ਗੁਰ ਘਰ ਕੀ ਮਰਜਾਦਾ ਪੰਚਹੁੰ ।
- ਗੁਰ ਪ੍ਰਤਾਪ ਸੂਰਜ ੬-੪੧

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪੰਜ ਪਿਆਰੇ ਚੁਣੇ ਜਾਂਦੇ ਦੱਸੀਦੇ ਹਨ । ਪਰ ਇਤਿਹਾਸ ਨੇ ਇਹਨਾਂ ਸਭਨਾਂ ਦੇ ਨਾਮ ਨਹੀਂ ਸਾਂਭੇ । ਥੋੜੇ ਜਹੇ ਨਾਮ ਦਿੱਤੇ ਹੀ ਮਿਲਦੇ ਹਨ । ਗੁਰੂ ਅਰਜਨ ਦੇਵ ਜੀ ਦੇ ਪੰਜ ਪਿਆਰੇ ਸਨ : ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹ, ਭਾਈ ਪਿਰਾਣਾ ਤੇ ਭਾਈ ਪੈੜਾ । ਗੁਰੂ ਤੇਗ ਬਹਾਦਰ ਜੀ ਦੇ ਪੰਜ ਪਿਆਰੇ ਸਨ : ਭਾਈ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਜੈਤਾ ।

ਅਰਦਾਸ ਵਿਚ ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਉਚੇਚਾ ਯਾਦ ਕੀਤਾ ਜਾਂਦਾ ਹੈ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰੇ ਸਨ । ਇਹਨਾਂ ਦੀ ਮਹੱਤਾ ਇਸ ਲਈ ਵੱਡੀ ਹੈ ਕਿਉਂਕਿ ਇਹਨਾਂ ਆਤਮ ਬਲਿਦਾਨ ਰਾਹੀਂ ਇਹ ਪਦਵੀ ਪ੍ਰਾਪਤ ਕੀਤੀ ।

ਬਿਕਰਮੀ ਸੰਮਤ 1756 ਦੀ ਪਹਿਲੀ ਵਿਸਾਖ ਅਥਵਾ 30 ਮਾਰਚ 1699 ਈਸਵੀ ਦੇ ਦਿਨ ਅਨੰਦਪੁਰ ਵਿਚ, ਜਿਥੇ ਅੱਜ ਕਲ੍ਹ ਕੇਸਗੜ੍ਹ ਸਾਹਿਬ ਦਾ ਤਖ਼ਤ ਸੁਸ਼ੋਭਿਤ ਹੈ, ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਸਿੱਖਾਂ ਦਾ ਇਕ ਮਹਾਨ ਇਕੱਠ ਹੋਇਆ । ਦੂਰ ਨੇੜਿਓਂ ਹਰ ਥਾਂ ਦੀਆਂ ਸੰਗਤਾਂ ਨੂੰ ਉਥੇ ਪੁੱਜਣ ਦਾ ਉਚੇਚਾ ਸੱਦਾ ਦਿੱਤਾ ਗਿਆ ਸੀ । ਕੋਈ ਅੱਸੀ ਹਜ਼ਾਰ ਦੀ ਹਾਜ਼ਰੀ ਉਸ ਵਿਚ ਇਤਿਹਾਸਕਾਰਾਂ ਨੇ ਲਿਖੀ ਹੈ । ਜਦੋਂ ਦੀਵਾਨ ਪੂਰੀ ਗਹਿਮਾ ਗਹਿਮ ਤੇ ਸੀ ਤਾਂ ਦਾਤਾਰ ਪਾਤਸ਼ਾਹ ਦਸਮੇਸ਼ ਗੁਰੂ ਆਪਣੇ ਅਦਭੁਤ ਰੱਬੀ ਜਲਾਲ ਨਾਲ ਦੀਵਾਨ ਵਿਚ ਆਏ ਤੇ ਇਸ ਮੌਕੇ ਲਈ ਪਹਿਲਾਂ ਤੋਂ ਸਜਾਏ ਗਏ ਇਕ ਮਰਮਰੀ ਚਬੂਤਰੇ ਉਪਰ ਖਲੋ ਗਏ । ਉਹਨਾਂ ਸੰਗਤ ਨੂੰ ਇਕ ਨਵੀਂ ਅਪਣੱਤ ਨਾਲ ਵੇਖਿਆ । ਫਿਰ ਆਪਣੀ ਮਿਆਨ ਵਿਚੋਂ ਤੇਗ ਨੂੰ ਖਿਚਿਆ, ਤੇ ਉਤਾਂਹ ਉਠਾ ਕੇ ਅਤਿ ਗੰਭੀਰ ਤੇ ਬੁਲੰਦ ਸੁਰ ਵਿਚ ਆਖਿਆ, "ਅੱਜ ਮੈਨੂੰ ਇਕ ਸਿਰ ਦੀ ਲੋੜ ਹੈ । ਮੇਰਾ ਕੋਈ ਪਿਆਰਾ ਸਿੱਖ ਅੱਗੇ ਆਵੇ ।" ਸੰਗਤਾਂ ਵਿਚ ਇਕ ਡੂੰਘੀ ਚੁੱਪ ਵਾਪਰ ਗਈ । 'ਨਿਰਭਉ ਨਿਰੰਕਾਰ' ਦੇ ਉਪਾਸ਼ਕਾਂ ਦੀ ਨਿਰਭੈਤਾ ਦੀ ਅਜ਼ਮਾਇਸ਼ ਦਾ ਸਮਾਂ ਆ ਗਿਆ ਜਾਪਦਾ ਸੀ । ਇਹ ਕਿਸੇ ਵੱਡੇ ਇਤਿਹਾਸਕ ਅਉਸਰ ਦਾ ਛਿਨ ਸੀ, ਜਿਸ ਲਈ ਪੂਰੀ ਕੌਮ ਦੋ ਸਦੀਆਂ ਤੋਂ ਤਿਆਰੀ ਕਰ ਰਹੀ ਸੀ । ਗੁਰਮੁਖ ਸੂਰਮਗਤੀ ਦੀ, ਅੱਜ ਵਦਾਨ ਉਪਰ ਪਰਖ ਹੋਣ ਲਗੀ ਸੀ । ਮਰਜੀਵੜਿਆਂ ਦੀ ਕੌਮ ਦੀ ਸਾਜਨਾ ਲਈ ਦਸਮ ਪਾਤਸ਼ਾਹ ਨੇ ਮਰਨ-ਛਿਨ ਦਾ ਇਹ ਅਉਸਰ ਰੱਚ

ਧਰਿਆ ਸੀ । ਜਿਸ ਨੇ ਗੁਰੂ-ਬ੍ਰਹਮ ਨਾਲ ਅਭੇਦ ਹੋਣਾ ਹੈ, 'ਪਹਿਲਾਂ ਮਰਣੁ ਕਬੂਲਿ' ਦੀ ਸ਼ਰਤ ਉਸ ਨੂੰ ਨਿਭਾਉਣੀ ਲਾਜ਼ਮ ਸੀ । ਅੱਜ ਇਸ ਸ਼ਰਤ ਦੇ ਪੂਰਿਆਂ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ । ਸਤਿਗੁਰਾਂ ਦੀ ਅਪਾਰ ਬਖ਼ਸ਼ਿਸ਼ ਅੱਜ ਤੇਗ਼ ਦੀ ਧਾਰ ਰਾਹੀਂ ਨਸੀਬ ਹੋਣੀ ਸੀ । ਇਹ ਕੇਵਲ ਉਸੇ ਦੇ ਹਿੱਸੇ ਆ ਸਕਦੀ ਸੀ ਜੋ ਸਿਰ ਤਲੀ ਤੇ ਧਰ ਕੇ ਅੱਗੇ ਨਿਤਰ ਸਕੇ । ਸਿਰ ਦਾ ਭਾਰ ਲਾਹ ਕੇ ਹੀ ਇਸ ਬਖ਼ਸ਼ਿਸ਼ ਦਾ ਭਾਰ ਉਠਾਇਆ ਜਾ ਸਕਦਾ ਸੀ । ਭਰੀ ਸੰਗਤ 'ਚੋਂ ਉਠਣਾ ਉਨ੍ਹਾਂ ਹੀ ਸੀ ਜੋ ਆਪਣੀ ਜਾਨ ਨੂੰ ਠੀਕਰਾ ਤੇ ਗੁਰੂ ਦੀ ਖ਼ੁਸ਼ੀ ਨੂੰ ਆਪਣਾ ਸੰਸਾਰ ਸਮਝਦੇ ਹੋਣ । ਉਹ ਉਠੇ । ਵਾਰੀ ਨਾਲ ਆਤਮਕ ਉਚਿਆਈ ਦੀ ਸਿਖਰ ਤੇ ਜਾ ਬੈਠੇ । ਨਿਰੇ ਗੁਰੂ ਦੇ ਹੋ ਗਏ-ਗੁਰੂ ਦੇ 'ਪਿਆਰੇ' । ਗੁਰੂ ਨੇ ਛਾਤੀ ਨਾਲ ਲਾ ਕੇ ਆਤਮ-ਸਮਰਪਨ ਅੰਗੀਕਾਰ ਕਰ ਲਿਆ ਤੇ ਆਪਣੇ 'ਪਿਆਰਿਆਂ' ਦਾ ਖ਼ਿਤਾਬ ਦੇ ਦਿੱਤਾ ।

ਪਹਿਲੇ ਗੁਰੂ ਸਾਹਿਬਾਂ ਵੇਲੇ ਪਿਆਰੇ ਉਨ੍ਹਾਂ ਦੀ ਭਗਤੀ ਦੇ ਅਧਾਰ ਤੇ ਚੁਣੇ ਜਾਂਦੇ ਸਨ । ਇਸ ਵਾਰ ਸਤਿਗੁਰਾਂ ਭਗਤੀ-ਸ਼ਕਤੀ ਦੀ ਮਿਲਵੀਂ ਜੁਗਤ ਨਾਲ ਚੁਣੇ । ਇਹ ਚੋਣ ਲੋਕ-ਮੱਤ ਨਾਲ ਨਹੀਂ ਸੀ ਹੋਈ । ਤਲਵਾਰ ਦੀ ਧਾਰ ਨਾਲ ਹੋਈ ਸੀ । ਇਹਨਾਂ ਪੰਜ ਪਿਆਰਿਆਂ ਨੂੰ ਸਾਹਿਬਾਂ ਨਵੀਂ ਸੂਰਤ ਦਿੱਤੀ । ਫਿਰ ਆਪਣੇ ਨਾਲ ਚਬੂਤਰੇ ਤੇ ਖੜਾ ਕਰ ਕੇ ਸੰਗਤ ਨੂੰ ਸੰਬੋਧਨ ਕੀਤਾ, "ਖ਼ਾਲਸਾ ਜੀ ! ਇਹ ਮੇਰੇ ਪੰਜ ਪਿਆਰੇ ਹਨ-ਮੈਨੂੰ ਸਭ ਤੋਂ ਵੱਧ ਪਿਆਰੇ ਹਨ ।"

ਤਦ ਸਤਿਗੁਰਾਂ ਫੌਲਾਦ ਦੇ ਬਾਟੇ ਵਿਚ ਅੰਮ੍ਰਿਤ ਤਿਆਰ ਕੀਤਾ । ਪੰਜ ਬਾਣੀਆਂ ਦਾ ਪਾਠ ਬੀਰ-ਆਸਣ ਵਿਚ ਕਰਦਿਆਂ ਚਮਕਦਾ ਖੰਡਾ ਬਾਟੇ ਵਿਚਲੇ ਜਲ ਵਿਚ ਫੇਰੀ ਗਏ । ਮਾਤਾ ਸਾਹਿਬ ਦੇਵਾਂ ਨੇ ਆਪਣੀ ਨਿਰਮਲ-ਰੂਹ ਦੀ ਅਪਾਰ ਮਿਹਰਾਮਤ ਵਿਚ ਆ ਕੇ ਉਸ ਜਲ ਵਿਚ ਪਤਾਸੇ ਪਾ ਦਿੱਤੇ ਸਨ । ਅੰਮ੍ਰਿਤ ਤਿਆਰ ਹੋ ਗਿਆ । ਹਜ਼ੂਰ ਨੇ ਪੰਜਾ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ । ਫਿਰ ਸੰਗਤ ਨੂੰ ਮੁਖ਼ਾਤਬ ਹੋ ਕੇ ਬੋਲੇ, "ਖ਼ਾਲਸਾ ਜੀ, ਇਹ ਪੰਜ ਪਿਆਰੇ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੁਹਕਮ ਸਿੰਘ, ਹੁਣ ਗੁਰੂ ਰੂਪ ਹੋ ਗਏ ਹਨ । ਮੈਂ ਇਹਨਾਂ ਅੱਗੇ ਅੰਮ੍ਰਿਤ ਦੀ ਦਾਤ ਦੀ ਯਾਚਨਾ ਕਰਦਾ ਹਾਂ ।" ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ ਤੇ ਹਜ਼ੂਰ ਨੇ ਸਰਬੱਤ ਸੰਗਤ ਦੇ ਸਾਹਵੇਂ ਉਹਨਾਂ ਪਿਆਰਿਆਂ ਦੇ ਹੱਥੋਂ ਅੰਮ੍ਰਿਤ-ਪਾਨ ਕੀਤਾ ।

ਜੋ ਸਥਾਨ ਇਹਨਾਂ ਪੰਜਾਂ ਪਿਆਰਿਆਂ ਨੂੰ ਹਜ਼ੂਰ ਨੇ ਬਖ਼ਸ਼ਿਆਂ ਉਸ ਦਾ ਵਰਣਨ ਕਰਦਿਆਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਸਿਖ ਪੰਚਨ ਮਹਿਂ ਮੇਰੋ ਬਾਸਾ ।
ਪੂਰਨ ਕਰੌਂ ਧਰਿਹਿਂ ਜੋ ਆਸਾ ।

-ਗੁਰ ਪ੍ਰਤਾਪ ਸੂਰਜ, -੨:੨੩

ਇਸ ਤੋਂ ਇਲਾਵਾਂ ਪੰਜ-ਪਿਆਰੇ ਉਹਨਾਂ ਗੁਰਮੁਖਾਂ ਨੂੰ ਵੀ ਕਿਹਾ ਗਿਆ ਹੈ, ਜਿਨ੍ਹਾਂ ਨੂੰ ਕਲਗੀਧਰ ਪਾਤਸ਼ਾਹ ਨੇ ਚਮਕੌਰ ਦੀ ਗੜ੍ਹੀ ਛੱਡਣ ਲਗਿਆਂ ਆਪਣੇ ਸ਼ਸਤ੍ਰ ਤੇ ਕਲਗੀ ਦੇ ਕੇ ਤੇ ਉਹਨਾਂ ਦੀ ਪਰਿਕਰਮਾ ਕਰ ਕੇ ਗੁਰਤਾ ਪ੍ਰਦਾਨ ਕੀਤੀ ।

ਪੰਜ ਪਿਆਰੇ ਭਾਵੇਂ ਅਨੰਦਪੁਰ ਸਾਹਿਬ ਵਾਲੇ ਮੰਨੀਏ, ਭਾਵੇਂ ਚਮਕੌਰ ਸਾਹਿਬ ਵਾਲੇ ਤੇ ਭਾਵੇਂ ਦੋਹਾਂ ਥਾਵਾਂ ਦੇ, ਇਹਨਾਂ ਨਾਲ ਇਕ ਅਦੁੱਤੀ ਪਰੰਪਰਾ ਅਰੰਭ ਹੁੰਦੀ ਹੈ । ਇਸ ਪਰੰਪਰਾ ਨਾਲ ਕੁੱਝ ਸਿੱਧਾਂਤਕ ਸਥਾਪਤੀਆਂ ਨਿਸਚਿਤ ਹੋਂਦੀਆਂ ਹਨ । ਪਹਿਲੀ ਇਹ ਕਿ ਨਾਨਕ-ਕਾਲ ਤੋਂ ਤੁਰੀ ਆਉਂਦੀ 'ਪੰਜ-ਪਿਆਰਿਆਂ' ਦੀ ਸੰਸਥਾ ਵਿਚ ਇਕ ਵਿਸ਼ੇਸ਼ ਪਰਿਵਰਤਨ ਆ ਗਿਆ । ਇਸ ਤੋਂ ਪਹਿਲਾਂ, 'ਪਿਆਰੇ' ਸਤਿਗੁਰਾਂ ਦੇ ਸਲਾਹਕਾਰ ਹੋਂਦੇ ਸਨ । ਭਾਵੇਂ ਸਤਿਗੁਰੂ ਜੀ ਸੰਗਤ ਦੀ ਇੱਛਾ ਕਦੇ ਨਹੀਂ ਸਨ ਟਾਲਦੇ, ਪਰ 'ਪਿਆਰੇ' ਕੇਵਲ ਸਲਾਹਕਾਰ ਹੋਣ ਦਾ ਕਰਤੱਵ ਹੀ ਪਾਲਦੇ ਸਨ; ਗੁਰੂ ਨੂੰ ਹੁਕਮ ਦੇਣ ਦੇ ਸਮਰਥ ਨਹੀਂ ਸਨ ਮੰਨੇ ਜਾਂਦੇ । ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਰਤਨ ਇਹ ਲਿਆਂਦਾ ਕਿ ਪੰਜ ਪਿਆਰੇ ਨ ਕੇਵਲ ਸਮੁੱਚੇ ਪੰਥ ਦੇ ਹੀ ਪ੍ਰਤਿਨਿਧ ਹੋ ਗਏ, ਸਗੋਂ ਆਪ ਗੁਰੂ-

ਰੂਪ ਹੋ, ਸਤਿਗੁਰਾਂ ਨੂੰ ਹੁਕਮ ਦੇਣ ਦੇ ਸਮਰਥ ਵੀ ਹੋ ਗਏ ।

ਇਤਿਹਾਸ ਵਿਚ ਇਸ ਗੱਲ ਦੇ ਕਾਫ਼ੀ ਸਬੂਤ ਮੌਜੂਦ ਹਨ ਕਿ ਪੰਜਾਂ ਪਿਆਰਿਆਂ ਨੇ "ਗੁਰੂ ਪੰਥ" ਦੇ ਪ੍ਰਤਿਨਿਧ ਹੋਣ ਦੀ ਹੈਸੀਅਤ ਵਿਚ ਇਸ ਹੱਕ ਦੀ ਲੋੜ ਅਨੁਸਾਰ ਵਰਤੋਂ ਵੀ ਕੀਤੀ ।


ਦੂਜੇ, 'ਆਪੇ ਗੁਰ ਚੇਲਾ' ਦੀ ਪਰੰਪਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵੀਂ ਸਿਖਰ ਤੇ ਪਹੁੰਚਾ ਦਿੱਤਾ । ਗੁਰੂ ਅੰਗਦ ਸਾਹਿਬ ਨੂੰ ਗੁਰਤਾ ਬਖ਼ਸ਼ਣ ਮਗਰੋਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਹਿੰਦੀ ਉਮਰ ਉਹਨਾਂ ਦੇ ਦਰਬਾਰ ਵਿਚ ਸੇਵਕ ਬਣ ਕੇ ਗੁਜ਼ਾਰੀ । ਇਉਂ ਉਹਨਾਂ 'ਆਪੇ ਗੁਰ ਚੇਲਾ' ਦੀ ਪ੍ਰਥਾ ਦਾ ਆਰੰਭ ਕੀਤਾ । ਪਰ, ਬਾਬੇ ਦੀ ਸਾਰੀ ਸਿੱਖੀ ਸੇਵਕੀ ਵਿਚੋਂ ਕੇਵਲ ਇਕ ਲਹਿਣਾ ਹੀ ਗੁਰੂ ਬਣ ਸਕਿਆ । ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਸਮੁੱਚੇ ਪੰਥ ਦਾ ਪ੍ਰਤਿਨਿਧ ਪਰਵਾਨ ਕਰ, ਤੇ ਉਹਨਾਂ ਨੂੰ ਗੁਰਤਾ ਦੇ ਕੇ ਗੁਰਿਆਈ ਨੂੰ ਪੂਰੀ ਉਮੱਤ ਵਿਚ ਸੋਖ ਦਿੱਤਾ । ਇਉਂ ਗੁਰੂ ਕਾ ਪੰਥ ਆਪ 'ਗੁਰੂ ਪੰਥ' ਹੋ ਗਿਆ । ਪੂਰੀ ਉਮੱਤ ਨੂੰ ਤਿਲਕ ਲਗਾ ਕੇ ਸਤਿਗੁਰਾਂ ਨੇ ਸਮੂਹਕ ਅਧਿਆਤਮਕ ਚੇਤਨਾ ਦੀ ਸ੍ਰੇਸ਼ਟਤਾ ਸਥਾਪਨ ਕਰ ਦਿੱਤੀ ।

ਇਸ ਨਾਲ ਪੰਥ ਭਵਿੱਖ-ਮੁਖੀ ਹੋ ਗਿਆ । ਆਪਣੇ ਮਾਮਲਿਆਂ ਲਈ ਉਸ ਨੂੰ ਭੂਤ ਪਾਸੋਂ ਅਗਵਾਈ ਲੈਣ ਦੀ ਲੋੜ ਨ ਰਹੀ । ਹੁਣ ਉਹ, ਸਮੁੱਚੀ ਅਧਿਆਤਮਕ ਚੇਤਨਾ ਨੂੰ ਸੁਹਿਰਦਤਾ ਨਾਲ ਚੁਣੇ ਪੰਜ ਪਿਆਰਿਆਂ ਵਿਚ ਕੇਂਦ੍ਰਿਤ ਕਰ ਕੇ ਗੁਰ-ਸ਼ਬਦ ਦੀ ਤਾਬਿਆ ਰਹਿ ਕੇ, ਕੋਈ ਵੀ ਗੁਰਮਤਾ ਕਰ ਸਕਣ ਦੇ ਸਮਰਥ ਹੋ ਗਿਆ ।

ਸੀਸ ਭੇਟ ਕਰਨ ਵਾਲੇ ਪੰਜਾਂ ਪਿਆਰਿਆਂ ਦੀ ਮਹੱਤਾ, ਸ਼ੁਰੂ ਤੋਂ ਹੀ ਵੱਡੀ ਥਾਪ ਦਿੱਤੀ ਗਈ ਸੀ । ਕਲਗੀਧਰ ਜੀ ਦੇ ਵੇਲੇ ਹੀ ਜਦੋਂ ਦੇਗ ਵਰਤਦੀ ਸੀ ਤਾਂ ਪਹਿਲੋਂ ਪੰਜਾਂ ਪਿਆਰਿਆਂ ਨੂੰ ਵਰਤਾ ਕੇ ਫਿਰ ਹੀ ਬਾਕੀ ਸੰਗਤ ਵਿਚ ਵਰਤਾਈ ਜਾਂਦੀ ਸੀ । ਇਹਨਾਂ ਪੰਜਾਂ ਪਿਆਰਿਆਂ ਦੀ ਸਤਿਕਾਰ ਯੋਗ ਸਿਮਰਿਤੀ ਨੂੰ ਅੱਜ ਵੀ ਕੇਵਲ ਅਰਦਾਸ ਵਿਚ ਹੀ ਨਹੀਂ, ਅਰਦਾਸ ਤੇ ਮਗਰੋਂ ਦੇਗ ਵਰਤਾਉਣ ਵੇਲੇ ਵੀ ਅਭਿਨੰਦਨ ਦਿੱਤਾ ਜਾਂਦਾ ਹੈ ।

# ਕੋਮਲ ਸ਼ਬਦ (ਸੁਰ)

ਆਵਤ ਸਿੰਘ



ਮਨੁਖੀ ਹਿਰਦਾ ਬਹੁਤ ਕੋਮਲ ਹੈ । ਇਸ ਉਪਰ ਹਰ ਕੁਰਖੱਤ ਆਵਾਜ਼ ਦਾ ਬਹੁਤ ਭੈੜਾ ਅਸਰ ਪੈਂਦਾ ਹੈ । ਜਿਤੇ ਇਹ ਹਿਰਦਾ ਕੋਮਲ ਸੰਗੀਤ ਨਾਲ ਪਿਘਲਣਾ ਸ਼ੁਰੂ ਹੋ ਜਾਂਦਾ ਹੈ, ਉਥੇ ਭੈੜੇ ਬੋਲਾਂ ਨਾਲ ਫਟੜ ਵੀ ਹੋ ਜਾਂਦਾ ਹੈ । ਕੋਮਲ ਸੁਰਾਂ, ਕੋਮਲ ਬੋਲ ਤੇ ਸੰਗੀਤ ਦੀਆਂ ਤਰਬਾਂ ਛੇੜਦੇ ਮਿਠੇ ਸੁਰ ਸਾਡੇ ਅੰਦਰਲੇ ਆਪੇ ਨੂੰ ਮੋਮ ਬਣਾ ਦੇਂਦੇ ਹਨ । ਇਥੋਂ ਤਕ ਕਿ ਜੰਗਲੀ ਜਾਨਵਰ ਵੀ ਸੰਗੀਤ ਨਾਲ ਬਝੇ ਆਪਣਾ ਆਪਾ ਭੁਲ ਬੈਠਦੇ ਹਨ । ਹਿਰਨ "ਹੰਡੇ-ਘੋੜੇ" ਦੀ ਸੰਗੀਤ ਧੁਨ ਸੁਣ ਕੇ ਆਪਾ ਭੁਲ ਜਾਂਦਾ ਹੈ ਤੇ ਸ਼ਿਕਾਰੀ ਉਸਨੂੰ ਪਕੜ ਲੈਂਦੇ ਹਨ ।

ਸਾਡੇ ਘਰਾਂ 'ਚ ਜਿਨ੍ਹਾਂ ਸੁਆਣੀਆਂ ਦੀ ਆਵਾਜ਼ ਮਿਠੀ ਹੈ, ਉਹ ਜ਼ਿੰਦਗੀ ਵਿਚ ਬਹੁਤ ਕਾਮਯਾਬ ਰਹਿੰਦੀਆਂ ਹਨ । ਜੇਕਰ ਕੋਈ ਬੱਚਾ ਜਾਂ ਘਰ ਦਾ ਕੋਈ ਹੋਰ ਜੀਅ ਵਿਹਾੜ ਵੀ ਬੈਠੇ ਤਾਂ ਉਸ ਨੂੰ ਪੁਚਕਾਰ ਕੇ ਮਿਠੇ ਸਬਦਾਂ ਨਾਲ ਝਟ ਠੀਕ ਰਾਹ ਤੇ ਲੈ ਆਉਂਦੀਆਂ ਹਨ । ਉਹ ਆਪਣੇ ਬਚਿਆਂ ਨੂੰ ਮਿਠੇ ਮਿਠੇ ਸ਼ਬਦ ਬੋਲ ਕੇ ਆਪਣੇ ਮਗਰ ਲਾ ਲੈਂਦੀਆਂ ਹਨ ਤੇ ਬਚੇ ਚਾਈਂ ਚਾਈਂ ਮਿਠੇ ਤੇ ਕੋਮਲ ਸ਼ਬਦਾਂ ਦੇ ਕੀਤੇ ਕੰਮ ਕਰਦੇ ਫਿਰਦੇ ਹਨ । ਇਹੀ ਅਸਰ ਮਿਠੇ ਬੋਲਾਂ ਵਾਲੀਆਂ ਪਤਨੀਆਂ ਆਪਦੇ ਪਤੀਆਂ ਉਪਰ ਕਰਦੀਆਂ ਹਨ । ਸਨਿਮਰ ਬੋਲ ਸੁਣ ਕੇ ਪਤੀ ਵੀ ਆਪਣੇ ਮੂੰਹੋਂ ਕੋਈ ਕੌੜਾ ਬੋਲ ਨਹੀਂ ਕਢਦੇ ।

ਰਿਸ਼ੀ-ਮੁਨੀ, ਪੀਰ ਪੈਗੰਬਰ ਇਸੇ ਲਈ ਮਹਾਨ ਹੁੰਦੇ ਹਨ ਕਿ ਉਹਨਾਂ ਦਾ ਅੰਦਰਲਾ ਸੰਸਾਰ ਬਹੁਤ ਕੋਮਲ ਹੁੰਦਾ ਹੈ । ਮਿਠੇ ਸ਼ਬਦਾਂ ਦੀ ਬਾਣੀ ਉਹਨਾਂ ਦੇ ਅੰਦਰ ਨੂੰ ਹੋਰ ਮਿਠਾ ਬਣਾ ਦਿੰਦੀ ਹੈ ਤੇ ਉਹਨਾਂ ਦੇ ਕਹੇ ਦੇ ਬੋਲ ਕਈ ਵਾਰ ਸਾਨੂੰ ਸਾਰੀ ਜ਼ਿੰਦਗੀ ਨਹੀਂ ਭੁਲਦੇ । ਉਹਨਾਂ ਨੇ ਤਪਸਿਆ ਕਰਕੇ, ਬਾਣੀ ਪੜਕੇ ਰਬ ਦੀ ਅਰਾਧਨਾ ਕਰਕੇ ਆਪਣੇ ਨੂੰ ਏਨਾ ਗੁਰ ਕੀਤਾ ਹੁੰਦਾ ਹੈ ਕਿ ਉਹ ਕਦੇ ਬੇ-ਸੁਰੇ ਨਹੀਂ ਹੁੰਦੇ । ਉਹਨਾਂ ਨੇ ਇਕ ਹੀ ਸ਼ਬਦ ਪੜ੍ਹਿਆ ਹੁੰਦਾ ਹੈ ਕਿ ਕੋਮਲ ਸ਼ਬਦ ਹੀ ਮੂੰਹੋ ਕਢੋ । ਇੰਜ ਕਰਨ ਨਾਲ, ਮਿਠੇ ਤੇ ਕੋਮਲ ਬੋਲਾਂ ਨਾਲ ਤੁਸੀਂ ਦੇਖੋ ਜ਼ਿੰਦਗੀ ਕਿਵੇਂ ਬਦਲਦੀ ਹੈ । ਸੰਗੀਤ ਵਿਚ ਵੀ ਕੋਮਲ ਸੁਰਾਂ ਵਾਲੇ ਰਾਗ ਬਹੁਤ ਚੰਗੇ ਲਗਦੇ ਹਨ ।


ਨਾਮ ਤੇ ਨਿਮਰਤਾ, ਸੇਵਾ ਤੇ ਪਰਉਪਕਾਰ, ਸੁਖ ਤੇ ਸਹਿਜ, ਅਨੰਦ ਤੇ ਕ੍ਰਿਪਾ ਦ੍ਰਿਸ਼ਟੀ ਵਿਚ ਜੀਵਨ-ਜਾਚ ਦਾ ਤੱਤ-ਸਾਰ ਬਿੰਦੂ ਹੈ ।

ਮਿਠਤ, ਨੀਵੀਂ ਨਾਨਕਾ
ਗੁਣ ਚੰਗਆਈਆਂ ਤਤੁ

ਕਿਸ਼ਤ ਦੂਜੀ

# ਯਾਤਰਾ ਨਨਕਾਣਾ ਸਾਹਿਬ (ਪਾਕਿਸਤਾਨ)

ਡਾ. ਜੋਗਿੰਦਰ ਸਿੰਘ ਬਾਵਰਾ



(ਲੜੀ ਜੋੜਣ ਲਈ ਅੰਕ ਅਕਤੂਬਰ 1996)

ਸਾਰੀ ਰਾਤ ਗੱਡੀ ਚਲਦੀ ਰਹੀ । ਰਾਹ ਵਿੱਚ ਘੁੱਪ ਹਨੇਰਾ ਸੀ । ਕਿਹੜਾ ਸਟੇਸ਼ਨ ਆਇਆ ਕੋਈ ਪਤਾ ਨਹੀਂ । ਸਵੇਰੇ ਸਵੇਰੇ ਇਕ ਛੋਟੇ ਜਿਹੇ ਸਟੇਸ਼ਨ ਤੇ ਰੇਲ ਗੱਡੀ ਰੁਕੀ । ਮੁਸਾਫਿਰ ਉਤਰਨੇ ਸ਼ੁਰੂ ਹੋਏ । ਸਟੇਸ਼ਨ ਦਾ ਨਾਮ ਸੀ ਨਨਕਾਣਾ ਸਾਹਿਬ । ਸਟੇਸ਼ਨ ਦੇ ਬਾਹਰ ਤਾਂਗੇ, ਰੇੜ੍ਹੇ ਇੰਤਜ਼ਾਰ ਵਿੱਚ ਖੜੇ ਸਨ । ਭਾੜਾ ਤਹਿ ਕਰਕੇ ਲੋਕ ਚਲਣੇ ਸ਼ੁਰੂ ਹੋਏ । ਬੱਸਾਂ ਵੀ ਖੜੀਆਂ ਸਨ । ਕਈ ਬਸਾਂ ਰਾਹੀਂ ਪੁਜ ਗਏ । ਚਾਰ-ਪੰਜ ਮਿੰਟਾਂ ਬਾਅਦ ਉਹ ਪਾਵਨ ਸਥਾਨ ਆ ਪੁਜਾ ਜਿਥੇ ਗੁਰੂ ਨਾਨਕ ਦੇਵ ਨੇ ਸੰਸਾਰ ਨੂੰ ਸੱਚ ਦਾ ਮਾਰਗ ਦਿਖਾਉਣ ਲਈ ਮਾਨਸ ਦੇਹੀ ਵਿੱਚ ਅਵਤਾਰ ਧਾਰਨਾ ਕਬੂਲ ਕੀਤਾ । ਕਮਰੇ ਤਾਂ ਪੰਜਾ ਸਾਹਿਬ ਤੋਂ ਚਲਣ ਸਮੇਂ ਹੀ ਅਲਾਟ ਕਰ ਦਿੱਤੇ ਗਏ ਸਨ । ਇਸ ਲਈ ਸਭ ਲੋਕ ਅਪਣੇ ਅਪਣੇ ਨੀਅਤ ਕਮਰਿਆਂ ਵਲ ਜਾ ਰਹੇ ਸਨ ।

ਗੁਰਦੁਆਰੇ ਦਾ ਸਥਾਨ ਬਹੁਤ ਮੋਕਲਾ ਤੇ ਵਿਸ਼ਾਲ ਸੀ । ਇਥੇ ਬਹੁਤੇ ਭਾਰਤ ਤੋਂ ਗਏ ਯਾਤਰੀ ਹੀ ਸਨ । ਸਿੰਧ ਦੇ ਅਤੇ ਪਸ਼ਾਵਰ ਦੇ ਸ਼ਰਧਾਲੂ ਘੱਟ ਗਿਣਤੀ ਵਿੱਚ ਸਨ ਕਿਉਂਕਿ ਬਹੁਤ ਲੋਕ ਇਕ ਦਿਨ ਪਹਿਲਾਂ ਹੀ ਦਰਸ਼ਨ ਕਰਕੇ ਵਾਪਸ ਪਰਤ ਚੁਕੇ ਸਨ । ਅਸ਼ਨਾਨ ਕਰਨ ਲਈ ਟਿਊਬਵੈਲ ਅਤੇ ਟੂਟੀਆਂ ਸਨ । ਬਹੁਤ ਸਾਰੇ ਲੋਕਾਂ ਨੇ ਕਪੜੇ ਵੀ ਧੋਤੇ । ਇਸਤਰੀਆਂ ਤਾਂ ਇਸ ਕੰਮ ਲਈ ਜੁਟੀਆਂ ਹੋਈਆਂ ਸਨ । ਦੂਜੇ ਪਾਸੇ ਇਕ ਕੋਨੇ ਤੇ ਇਸਤ੍ਰੀਆਂ ਅਤੇ ਪੁਰਸ਼ਾਂ ਲਈ ਫਲਸ਼ ਦੇ ਪਾਖਾਨੇ ਸਨ । ਸਫਾਈ ਕਰਮਚਾਰੀ ਮੌਜੂਦ ਸਨ । ਸਫਾਈ ਲਈ ਉਹਨਾਂ ਨੂੰ ਚਾਰ ਦਿਨ ਪਹਿਲਾਂ ਹੀ ਨਿਯੁਕਤ ਕਰ ਦਿਤਾ ਗਿਆ ਸੀ । ਇਕ ਪਾਸੇ ਕੰਟੀਨ ਬਣਾਈ ਗਈ ਸੀ ਜਿਥੇ ਚਾਹ, ਪੂੜੀ ਤੇ ਲੱਸੀ, ਠੰਡਾ ਆਦਿ ਵੇਚਣ ਦਾ ਪ੍ਰਬੰਧ ਸੀ । ਆਰਜ਼ੀ ਦਵਾਖਾਨਾ, ਆਰਜ਼ੀ ਪੁਲਿਸ ਚੌਕੀ, ਆਰਜ਼ੀ ਬੈਂਕ ਦੀ ਪ੍ਰਬੰਧ ਵੀ ਕੀਤਾ ਗਿਆ ਸੀ । ਬਾਹਰ ਗੇਟ ਤੇ ਪੁਲਿਸ ਦਾ ਪਹਿਰਾ ਸੀ ਜੋ ਅਜਨਬੀ ਨੂੰ ਅੰਦਰ ਨਹੀਂ ਦਾਖਲ ਹੋਣ ਦਿੰਦੀ ਸੀ ।

ਗੁਰਦੁਆਰੇ ਦੇ ਅੰਦਰ ਸਰੋਵਰ ਵੀ ਹੈ ਪਰ ਉਸ ਵਿੱਚ ਪਾਣੀ ਥੋੜ੍ਹਾ ਸੀ । ਜਦ ਇਸ ਦਾ ਪਤਾ ਹੋਵੇ ਕਿ ਵਿਸਾਖੀ ਦੇ ਅਵਸਰ ਤੋਂ ਸੰਗਤਾਂ ਪੁਜ ਰਹੀਆਂ ਹਨ । ਸਰੋਵਰ ਵਿੱਚ ਅਸ਼ਨਾਨ ਕਰਨਾ ਬੜਾ ਮਹੱਤਵ ਰੱਖਦਾ ਹੈ । ਪਾਣੀ ਨਾਲ ਸਰੋਵਰ ਭਰਨਾ ਚਾਹੀਦਾ ਸੀ । ਸਰੋਵਰ ਵਿੱਚ ਇੱਕਾ ਦੁਕਾ ਯਾਤਰੀ ਹੀ ਅਸ਼ਨਾਨ ਕਰ ਰਿਹਾ ਸੀ । ਗੁਰਦੁਆਰਾ ਦਾ ਪ੍ਰਾਂਗਣ ਬੜਾ ਵਿਸ਼ਾਲ ਹੈ । ਕਮਰੇ ਤੇ ਦਰਖਤ ਬੜੇ ਹਨ । ਇਕ ਨਵੀਂ ਬਿਲਡਿੰਗ ਵੀ ਬਣਾਈ ਗਈ ਹੈ ਜੋ ਤਿੰਨ ਮੰਜ਼ਲੀ ਹੈ, ਲਗਭਗ ਸੌ ਕਮਰੇ ਹਨ । ਮੈਂ ਸਵੇਰੇ ਇਕ ਥਾਂ ਤੇ ਖੜਾ ਅਪਣੇ ਸਾਥੀ ਦਾ ਇੰਤਜ਼ਾਰ ਕਰਦਾ ਹੋਇਆ ਸ਼ਬਦ ਗਾ ਰਿਹਾ ਸੀ । "ਕੋਈ ਆਣ ਮਿਲਾਵੈ ਮੇਰਾ ਪ੍ਰੀਤਮ ਪਿਆਰਾ" ਕੁਝ ਕਦਮਾਂ ਤੇ ਇਕ ਸਿੰਧੀ ਦਾਤਨ ਕਰਦਾ ਹੋਇਆ ਸੁਣ ਰਿਹਾ ਸੀ । ਉਸ ਦਾ ਨਾਮ ਭਗਵਾਨ ਦਾਸ ਸੀ । ਉਹ ਹੌਲੀ ਹੌਲੀ ਮੇਰੇ ਵਲ ਵਧਦਾ ਆਇਆ ਤੇ ਬੜੇ ਧਿਆਨ ਨਾਲ ਸ਼ਬਦ ਦੀ ਸਥਾਈ ਸੁਣਨ ਲਗਾ । ਉਹ ਬੋਲਿਆ ਪੱਕੇ ਰਾਗ ਵਿਚ ਗੁਰਦੁਆਰੇ ਚਲ ਕੇ ਕੀਰਤਨ ਕਰੋ । ਮੈਂ ਅਸ਼ਨਾਨ ਕਰਨ ਤੁਰ ਪਿਆ ਉਹ ਵੀ ਮੇਰੇ ਨਾਲ ਨਾਲ ਹੋ ਗਿਆ । ਰਾਹ ਵਿੱਚ ਉਸ ਨੂੰ ਤਿੰਨ ਹੋਰ ਸਿੰਧੀ ਮਿਲ ਗਏ । ਉਹ ਉਹਨਾਂ ਕੋਲ ਮੇਰੀ ਤਾਰੀਫ ਆਪਣੀ ਭਾਸ਼ਾ ਵਿੱਚ ਕਰਨ ਲਗਾ । ਟੂਟੀਆਂ ਪਾਸ ਜਾ ਕੇ ਫਿਰ ਸ਼ਬਦ ਸੁਣਾਉਣ ਲਈ ਅਰਜ਼ ਕਰਨ ਲਗਾ ।

ਪਤਾ ਨਹੀਂ ਉਹਨੇ ਮੇਰੇ ਵਿੱਚ ਕੀ ਵੇਖਿਆ । ਖ਼ੈਰ ਅਸ਼ਨਾਨ ਕਰਕੇ ਮੈਂ ਉਸ ਦੇ ਨਾਲ ਗੁਰਦੁਆਰੇ ਗਿਆ, ਆਸਾ ਜੀ ਦੀ ਵਾਰ ਦਾ ਕੀਰਤਨ ਹੋ ਗਿਆ ਸੀ । ਅਰਦਾਸ ਤੋਂ ਬਾਅਦ ਵੀ ਸੰਗਤਾਂ ਬੈਠੀਆਂ ਰਹਿੰਦੀਆਂ ਹਨ । ਮੈਂ ਦੋ ਸ਼ਬਦਾਂ ਦਾ ਗਾਇਨ ਕੀਤਾ । ਮੇਰੀ ਵੀ ਤਮੰਨਾ ਸੀ ਕਿ ਨਨਕਾਣਾ ਸਾਹਿਬ ਵਿੱਚ ਆਪਣੇ ਹਾਜ਼ਰੀ ਭਰਾਂ ਸੋ ਉਸ ਪ੍ਰੇਮੀ ਦੇ ਉਤਸ਼ਾਹ ਨਾਲ ਮੇਰੀ ਇੱਛਾ ਪੂਰੀ ਹੋ ਗਈ ।

ਨਨਕਾਣਾ ਸਾਹਿਬ ਇਕ ਪ੍ਰਾਚੀਨ ਕਸਬਾ ਹੈ । ਇਸ ਦਾ ਪੁਰਾਣਾ ਨਾ ਤਲਵੰਡੀ ਹੈ । ਅੱਜ ਵੀ ਇਸ ਦੀਆਂ ਗਲੀਆਂ ਕੁਝ ਕੱਚੀਆਂ ਤੇ ਕੁਝ ਪੱਕੀਆਂ ਹਨ । ਮਕਾਨ ਪੁਰਾਣੀ ਕਿਸਮ ਦੇ ਹਨ । ਇਥੇ ਗੁਰੂ ਮਹਾਰਾਜ ਦੀਆਂ ਯਾਦਾਂ ਨਾਲ ਸਬੰਧਿਤ ਸਥਾਨ ਹਨ । ਗੁਰਦੁਆਰਾ ਜਨਮ ਸਥਾਨ ਬਹੁਤ ਵੱਡਾ ਖੁਲਾ-ਮੋਕਲਾ ਸਥਾਨ ਹੈ । ਠਹਿਰਨ ਲਈ ਕਈ ਕਮਰੇ ਹਨ । ਦੀਵਾਨ ਲਗਾ ਹੋਵੇ ਤਾਂ ਹਜ਼ਾਰਾਂ ਸ਼ਰਧਾਲੂ ਆਰਾਮ ਨਾਲ ਬੈਠ ਕੇ ਕੀਰਤਨ ਦਾ ਆਨੰਦ ਮਾਣ ਸਕਦੇ ਹਨ । ਲੰਗਰਖਾਨਾ ਨਵਾਂ ਹੀ ਬਣਿਆ ਜਾਪਦਾ ਹੈ । ਪੱਟੀ ਸਾਹਿਬ ਨਾਲ ਹੀ ਹੈ । ਇਥੇ ਗੁਰੂ ਨਾਨਕ ਦੇਵ ਪਾਂਧੇ ਪਾਸੋਂ ਪੜ੍ਹਿਆ ਕਰਦੇ ਸਨ । ਇਸ ਦੇ ਨਾਲ ਚਾਰ ਕਦਮਾਂ ਉਤੇ ਬਾਲ-ਲੀਲਾ ਗੁਰਦੁਆਰਾ ਹੈ । ਇਸ ਵਿੱਚ ਬਹੁਤ ਵੱਡਾ ਸਰੋਵਰ ਵੀ ਹੈ ਜੋ ਸੁਕਾ ਪਿਆ ਸੀ । ਵਣ ਨਾਮਕ ਬਰਿਖ ਜੋ ਇਥੇ ਕਾਫ਼ੀ ਮਾਤਰਾ ਵਿੱਚ ਹੋਇਆ ਕਰਦੇ ਸਨ । ਇਕ ਵਣ ਦਾ ਬੜਾ ਹੀ ਬਰਿਧ ਅਵਸਥਾ ਵਿੱਚ ਹੈ । ਉਸ ਦਾ ਕਾਫ਼ੀ ਭਾਗ ਜ਼ਮੀਨ ਤੋਂ ਲਿਟਿਆ ਹੋਇਆ ਹੈ । ਗੁਰੂ ਨਾਨਕ ਦੇਵ ਇਹਨਾਂ ਦਰਖਤਾਂ ਤੇ ਚੜ੍ਹਿਆ ਕਰਦੇ ਅਤੇ ਆਪਣੇ ਸਾਥੀਆ ਨਾਲ ਖੇਡਦੇ ਰਹੇ ਹੋਣਗੇ । ਵਣ ਨੂੰ ਜੋ ਫਲ ਲਗਦਾ ਹੈ ਉਸ ਨੂੰ ਪੀਲੂੰ ਕਿਹਾ ਜਾਂਦਾ ਹੈ । ਉਹ ਵੀ ਜ਼ਰੂਰ ਖਾਂਦੇ ਹੋਣਗੇ । ਤੰਬੂ ਸਾਹਿਬ ਇਕ ਅਜਿਹਾ ਯਾਦਗਾਰੀ ਸਥਾਨ ਹੈ ਜਿਸ ਦੇ ਨਾਲ ਉਹਨਾਂ ਦੇ ਜੀਵਨ ਦੀ ਇਕ ਪ੍ਰਸਿੱਧ ਤੇ ਮਾਨਵ ਜਾਤੀ ਨੂੰ ਸੱਦਾ ਦਾ ਸੁਨੇਹਾ ਦੇਣ ਵਾਲੀ ਗਾਥਾ ਜੁੜੀ ਹੋਈ ਹੈ । ਗਾਥਾ ਤੋਂ ਸਾਰਾ ਹਿੰਦੁਸਤਾਨੀ ਸਮਾਜ ਜਾਣੂ ਹੈ । ਇਥੇ ਉਸ ਬਾਰੇ ਲਿਖਣਾ ਅਸੰਗਤ ਨਹੀਂ ਹੋਵੇਗਾ । ਪਿਤਾ ਕਾਲੂ ਨੇ ਆਪਣੇ ਪੁਤਰ ਨੂੰ ਵੀਹ ਰੁਪਏ ਵਣਜ ਵਿਉਪਾਰ ਕਰਨ ਲਈ ਦਿਤੇ । ਜੇ ਹਿਸਾਬ ਲਾਈਏ ਤੇ ਉਸ ਜ਼ਮਾਨੇ ਦੇ ਵੀਹ ਰੁਪਏ ਅੱਜਕਲ ਦੇ ਹਜ਼ਾਰਾਂ ਦੇ ਬਰਾਬਰ ਬਣਦੇ ਹੋਨ । ਖ਼ੈਰ ਨਾਨਕ ਅਪਣੇ ਸਾਥੀ ਬਾਲਾ ਦੇ ਨਾਲ ਤਲਵੰਡੀ ਤੋਂ ਕਾਫ਼ੀ ਦੂਰ ਚੂੜਕਾਣਾ ਨਾਮਕ ਸਥਾਨ ਤੇ ਪੁਜੇ । ਉਥੇ ਇਕ ਥੇਹ (ਜਿਥੇ ਅੱਜ ਗੁਰਦੁਆਰਾ ਹੈ) ਤੇ ਬੈਠੇ ਸਾਧੂ ਸੰਤਾਂ ਨਾਲ ਵਿਚਾਰ, ਗੋਸ਼ਟੀ ਕੀਤੀ ਅਤੇ ਉਹਨਾਂ ਨੂੰ ਭੋਜਨ ਛਕਾਇਆ । ਵੀਹ ਰੁਪਏ ਨਾਲ ਕੋਈ ਥੋੜਾ ਜਿਹਾ ਸਾਮਾਨ ਤਾਂ ਆ ਨਹੀਂ ਸੀ ਸਕਦਾ । ਜਿਵੇਂ ਅੱਜ ਵੀਹ ਰੁਪਏ ਦੀ ਕਿਲੋ ਖੰਡ ਹੀ ਮਿਲਦੀ ਹੈ ਜਾਂ ਵੀਹ ਰੁਪਏ ਦੀ ਅੱਧਾ ਕਿਲੋ ਕੋਈ ਦਾਲ, ਬਾਕੀ ਦਾ ਸਾਮਾਨ ਖਰੀਦਨ ਲਈ ਦਾਨ ਮੰਗੋ । ਯੁਵਕ, ਪ੍ਰਭੂ ਪ੍ਰੇਮੀ ਨਾਨਕ ਨੇ ਨਾ ਕੇਵਲ ਸਾਧੂਆਂ ਨੂੰ ਭੋਜਨ ਕਰਵਾਇਆ ਹੋਵੇਗਾ ਮੇਰਾ ਅਨੁਮਾਨ ਹੈ ਕਿ ਚੰਗਾ ਵੱਡਾ ਲੰਗਰ ਲਾਇਆ ਹੋਵੇਗਾ । ਜਿਨ੍ਹਾਂ ਸੰਤਾਂ ਨੂੰ ਭੋਜਨ ਕਰਵਾਇਆ ਹੋਵੇਗਾ ਉਹ ਨਾਨਕ ਦੀ ਨਜ਼ਰ ਵਿੱਚ ਮਾਮੂਲੀ ਸੰਤ ਨਹੀਂ ਹੋਣਗੇ । ਜਿਥੇ ਮਹਾਂਪੁਰਖ ਆ ਡੇਰਾ ਲਾਉਂਦੇ ਹਨ । ਉਹਨਾਂ ਦੇ ਦਰਸ਼ਨਾਂ ਲਈ ਸ਼ਰਧਾਲੂ ਸੰਗਤਾਂ ਵੀ ਆ ਜੁੜਦੀਆਂ ਹੀ ਹਨ । ਸਾਰੇ ਰੁਪਏ ਦੀ ਰਸਦ ਖਰੀਦ ਕੇ ਸੰਤਾਂ ਤੇ ਗਰੀਬਾਂ ਨੂੰ ਅਤੇ ਸੰਗਤਾ ਨੂੰ ਭੋਜਨ ਰੂਪ ਵਿੱਚ ਖਰਚਨ ਕਰ ਦਿੱਤੀ । ਇਸ ਸੌਦੇ ਨੂੰ ਸੱਚਾ ਸੌਦਾ ਆਖਿਆ ਗਿਆ ਹੈ । ਵਾਪਸੀ ਤੇ ਘਰ ਜਾਣ ਤੋਂ ਘਬਰਾਉਣ ਲੱਗੇ । ਨਾਨਕ ਜੀ ਆਪ ਵਣਾਂ ਦੇ ਦਰਖਤਾਂ ਦੇ ਝੁੰਡ ਵਿੱਚ ਲੁਕ ਕੇ ਬੈਠ ਗਏ ਤੇ ਅਪਣੇ ਸਾਥੀ ਬਾਲੇ ਨੂੰ ਘਰ ਭੇਜ ਦਿਤਾ ਤਾਂ ਕਿ ਪਤਾ ਲਗ ਜਾਏ ਕਿ ਉਹ ਵਾਪਸ ਪਰਤ ਆਏ ਹਨ । ਉਹ ਵਣ ਬੜੇ ਘਣੇ ਹੋਣ ਕਾਰਣ 'ਤੰਬੂ ਹੀ ਲਗਦੇ ਸਨ' ਇਸ ਕਰਕੇ ਉਸ ਸਥਾਨ ਦਾ ਨਾਮ ਹੀ ਤੰਬੂ ਸਾਹਿਬ ਰੱਖਿਆ ਗਿਆ । ਇਹ ਵਣ ਵੀ ਕਿਤਨੇ ਵੱਡਭਾਗੀ ਹਨ ਜਿਹਨਾਂ ਨੂੰ ਰਬ ਰੂਪ ਨਾਨਕ ਦੇ ਕਰ ਕਮਲਾਂ ਤੇ ਚਰਣ ਕਮਲਾਂ ਦੀ ਛੋ ਪ੍ਰਾਪਤ ਹੋਈ । ਇਥੇ ਇਕ ਥੜ੍ਹਾ ਬਣਕੇ ਫੋਟੋ ਰੱਖੀ ਹੋਈ ਸੀ । ਸ਼ਰਧਾਲੂ ਮੱਥਾ ਟੇਕਦੇ ਹਨ ਤੇ ਚੜ੍ਹਾਵਾ ਮੁਸਲਮਾਨ ਪੁਜਾਰੀ ਖਾਂਦੇ ਹਨ । ਇਸੇ ਤਰ੍ਹਾਂ ਕਿਆਰਾ ਸਾਹਿਬ ਸੱਪ ਦੇ ਛਾਂ ਕਰਨ ਵਾਲੀ ਥਾਂ ਤੇ ਵੀ ਸਥਾਨ ਬਣਾਏ ਹੋਏ ਹਨ । ਤਲਵੰਡੀ ਦੇ ਹਾਕਮ ਗਏ ਰਾਏ ਬੁਲਾਨ ਨੇ ਜਦ ਸੱਪ ਨੂੰ ਛਾਂ ਕਰਦੇ ਵੇਖਿਆ ਤਾਂ ਹੱਕਾ ਬੱਕਾ ਰਹਿ ਗਿਆ । ਉਸ ਦੀ ਰੂਹ

ਨੇ ਗੁਰੂ ਨਾਨਕ ਨੂੰ ਪਛਾਣ ਲਿਆ । ਅਪਣੀ ਜਾਗੀਰ ਦੇ ਸੈਂਕੜੇ ਮੁਰੱਬੇ ਗੁਰੂ ਨਾਨਕ ਦੇ ਨਾਮ ਕਰ ਦਿਤੇ । ਤਲਵੰਡੀ ਰਾਏ ਭੋਏ ਹਜ਼ਾਰਾਂ ਏਕੜ ਜ਼ਮੀਨ ਅੱਜ ਗੁਰਦੁਆਰੇ ਦੇ ਨਾਮ ਹੈ ਜਿਸਦੀ ਦੇਖਭਾਲ ਕਰਨਾ ਔਕਾਫ ਬੋਰਡ ਦੀ ਜ਼ਿੰਮੇਵਾਰੀ ਹੈ । ਪਾਕਿਸਤਾਨ ਵਿੱਚ ਵਕਫ ਬੋਰਡ ਨੂੰ ਔਕਾਫ ਬੋਰਡ ਕਿਹਾ ਜਾਂਦਾ ਹੈ ।

ਗੁਰਦੁਆਰਾ ਮਾਲ ਸਾਹਿਬ ਜਿਥੇ ਗੁਰੂ ਨਾਨਕ ਜੋ ਬਚਪਨ ਵਿੱਚ ਡੰਗਰ ਚਰਾਏ । ਫਸਲ ਉਜਾੜਣ ਦਾ ਦੋਸ਼ ਲਗਾ ਪਰ ਮੌਕੇ ਤੇ ਨਿਰੀਖਨ ਕਰਨ ਤੇ ਫਸਲ ਲਹਿਲਹਾਉਂਦੀ ਦਿਖਾਈ ਦਿੱਤੀ । ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੇਵਲ ਸਥਾਨ ਹਨ, ਉਹਨਾਂ ਦਾ ਚੜ੍ਹਾਵਾ ਮੁਸਲਮਾਨ ਪੁਜਾਰੀ ਪ੍ਰਾਪਤ ਕਰਦੇ ਹਨ । ਨਨਕਾਣਾ ਸਾਹਿਬ ਵਿਖੇ ਪੰਜਾਹ ਤੋਂ ਵੱਧ ਸਿੱਖਾਂ ਦੇ ਘਰ ਵੀ ਹਨ ।

16 ਅਪ੍ਰੈਲ ਨੂੰ ਬੱਸਾਂ ਰਾਹੀਂ ਚੂਹੜਕਾਣਾ (ਸੱਚਾ ਸੌਦਾ) ਲਈ ਰਵਾਨਾ ਹੋਏ । ਯਾਤਰੀਆਂ ਨੂੰ ਜਲਦੀ ਹੀ ਲੰਗਰ ਛਕਾ ਦਿੱਤਾ ਗਿਆ ਕਿਉਂਕਿ ਸੱਚਾ ਸੌਦਾ ਵਿਖੇ ਅਜਿਹਾ ਕੋਈ ਪ੍ਰਬੰਧ ਨਹੀਂ ਸੀ । ਹਰੇਕ ਬਸ ਵਿੱਚ ਇਕ ਇਕ ਸਿਪਾਹੀ ਦੀ ਡਿਊਟੀ ਲਗੀ ਹੋਈ ਸੀ । ਬਸ ਕਿਰਾਇਆ ਆਉਣ-ਜਾਣ 3/- ਰੁਪਏ ਵਸੂਲੇ ਗਏ । ਬਸਾਂ ਕਚੇ ਪਕੇ ਰਸਤਿਆਂ ਤੋਂ ਲੰਘਦੀਆਂ ਧੂੜ ਉਡਾਉਂਦੀਆਂ, ਪਿੰਡਾਂ ਤੋਂ ਗੁਜ਼ਰ ਰਹੀਆਂ ਸਨ । ਕਣਕਾਂ ਦੇ ਖੇਤ ਵਾਢੀ ਲਈ ਤਿਆਰ ਸਨ । ਪਿੰਡਾਂ ਦੇ ਲੋਕ ਘਰੋਂ ਬਾਹਰ ਨਿਕਲ ਸੜਕਾਂ ਤੇ ਖੜੇ ਹੋ ਹੱਥ ਹਿਲਾ ਕੇ ਸੁਆਗਤ, ਜੀ ਆਇਆਂ ਕਹਿ ਰਹੇ ਸਨ । ਮਕਾਨ ਮਿੱਟੀ ਦੇ ਬਿਲਕੁਲ ਕਚੇ, ਕਈ ਪੱਕੀਆਂ ਇਟਾਂ ਦੇ ਪਰ ਬਹੁਤੇ ਗਾਰੇ ਦੀ ਚਿਣਾਈ ਵਾਲੇ ਅਤੇ ਕੋਈ ਕੋਈ ਸੀਮਿੰਟ ਵਾਲੇ ਵੀ ਵਿਖਾਈ ਦਿੱਤੇ । ਪਿੰਡਾਂ ਤੋਂ ਬਾਹਰ ਵਖਰਾ, ਨਵੇਕਲਾ ਫਾਰਮ ਜਾਂ ਕੋਠੀ ਬਣਾ ਕੇ ਰਹਿਣ ਦਾ ਰਿਵਾਜ ਨਹੀਂ । ਖੇਤੀ ਨਹਿਰੀ ਪਾਣੀ ਤੇ ਨਿਰਭਰ ਕਰਦੀ ਹੈ । ਇਕ ਲੰਬੇ ਸਫਰ ਤੋਂ ਬਾਅਦ ਬਸਾਂ ਦੋ ਪਿੰਡਾਂ ਦੇ ਵਿਚਕਾਰ, ਸੜਕ ਤੇ ਪੁਜਕੇ, ਠਹਿਰਨ ਲਗੀਆਂ । ਸੜਕ ਦੇ ਇਕ ਪਾਸੇ ਚੂਹੜਕਾਣਾ ਤੇ ਦੂਜੇ ਹਥ ਦੂਜਾ ਪਿੰਡ ਜਿਸ ਦਾ ਨਾਮ ਪੂਰੀ ਤਰ੍ਹਾਂ ਯਾਦ ਨਹੀਂ ਰਿਹਾ । ਸੱਚਾ ਸੌਦਾ ਗੁਰਦੁਆਰਾ ਉਚੀ ਜਗ੍ਹਾਂ ਤੇ ਹੈ । ਸ਼ਾਇਦ ਪੁਰਾਣੇ ਵਕਤਾਂ ਵਿੱਚ ਇਥੇ ਕੋਈ ਥੇਹ ਸੀ । ਸੰਗਤਾਂ ਨੇ ਜਲ ਛਕਿਆ ਤੇ ਪੌੜੀਆਂ ਚੜ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮੱਥਾ ਟੇਕਨ ਲਈ ਪੁਜੀਆਂ । ਗੁਰਦੁਆਰੇ ਦਾ ਦਰਵਾਜ਼ਾ ਤੰਗ ਹੋਣ ਕਾਰਣ ਮੱਥਾ ਟੇਕਣ ਵਾਲਿਆਂ ਦੀ ਕਤਾਰ ਲਗ ਗਈ ਸੀ । ਬਾਹਰ ਕੀਰਤਨ ਆਰੰਭ ਹੋਇਆ । ਅਰਦਾਸ ਕੀਤੀ ਗਈ । ਗੁਰਦੁਆਰੇ ਵਿੱਚ ਜਗ੍ਹਾ ਬਹੁਤ ਖੁਲੀ ਹੈ । ਇਕ ਕੋਨੇ ਵਿੱਚ ਲੰਗਰ ਖਾਨਾ ਵੀ ਤਿਆਰ ਹੋ ਗਿਆ ਹੈ । ਹੁਣ ਇਥੇ ਕਮਰਿਆਂ ਦੀ ਉਸਾਰੀ ਦਾ ਵੀ ਕੰਮ ਸ਼ੁਰੂ ਕਰਨ ਦੀ ਯੋਜਨਾ ਹੈ । ਸੰਗਤਾਂ ਨੂੰ ਉਸ ਵਾਸਤੇ ਦਾਨ ਦੇਣ ਦੀ ਅਪੀਲ ਕੀਤੀ ਗਈ । ਕਾਫੀ ਮਾਇਆ ਇਸ ਮੰਤਵ ਲਈ ਇਕੱਠੀ ਹੋ ਗਈ । ਹੁਣ ਵਾਪਸੀ ਦੀ ਤਿਆਰੀ ਦਾ ਐਲਾਨ ਹੋਇਆ । ਸਾਰੇ ਯਾਤਰੀ ਆਪਣੀ-ਆਪਣੀ ਬੱਸ ਵਿੱਚ ਬੈਠ ਗਏ ਤੇ ਬਸਾਂ ਦਾ ਕਾਫਲਾ ਉਸੇ ਰਸਤੇ ਵਾਪਸ ਟੁਰ ਪਿਆ । ਸ਼ਾਮ ਨੂੰ ਵਾਪਸ ਨਨਕਾਣਾ ਸਾਹਿਬ ਪੁਜ ਗਏ ।

ਇਕ ਦਿਨ ਪਹਿਲਾਂ ਸ਼ਾਮ ਨੂੰ ਮੈਂ ਨਨਕਾਣਾ ਸਾਹਿਬ ਦੀ ਮਾਰਕੀਟ ਵਿਚੋਂ ਕਾਲੇ ਰੰਗ ਦੀ ਇਕ ਚਪਲ ਖਰੀਦੀ ਸੀ । ਸੱਚਾ ਸੌਦਾ ਚਲਣ ਵੇਲੇ ਮੈਂ ਨਵੀਂ ਚਪਲ ਪਹਿਨ ਕੇ ਗਿਆ ਸੀ । ਰਾਹ ਦੀ ਧੂੜ ਸ਼ਰੀਰ ਨੂੰ ਕਸ਼ਟ ਦੇ ਰਹੀ ਸੀ । ਅਸ਼ਨਾਨ ਕਰਦੇ ਹੋਲੇ ਹੋਏ । ਰਾਤ ਦਾ ਲੰਗਰ ਛਕ ਕੇ ਜਦ ਮੈਂ ਬਾਹਰ ਨਿਕਲਿਆ ਤਾਂ ਮੇਰੀ ਨਵੀਂ ਚਪਲ ਗਾਇਬ ਸੀ । ਮੈਂ ਉਥੇ ਕਾਫੀ ਦੇਰ ਖੜਾ ਰਿਹਾ ਸ਼ਾਇਦ ਕੋਈ ਮੋੜਨ ਆ ਜਾਵੇ ਪਰ ਅਜਿਹਾ ਨਹੀਂ ਹੋਇਆ । ਰਾਤਾਂ ਨੂੰ ਗੁਰਦੁਆਰੇ ਤੇ ਬਿਜਲੀ ਦੀ ਰੋਸ਼ਨੀ ਦੀ ਕਲਾਤਮਿਕ ਸਜਾਵਟ ਕੀਤੀ ਗਈ ਸੀ ।

ਨਨਕਾਣਾ ਸਾਹਿਬ ਪੁਰਾਣੇ ਵਕਤਾਂ ਦਾ ਵੱਡਾ ਨਗਰ ਹੈ । ਇਥੇ ਇਕ ਅਨਾਰਕਲੀ ਨਾਮ ਦੀ ਛੋਟੀ ਜਿਹੀ ਮਾਰਕੀਟ ਵੀ ਹੈ ਜਿਥੇ ਕਪੜੇ ਦੀਆਂ ਕਾਫੀ ਭਰੀਆਂ ਹੋਈਆਂ ਦੁਕਾਨਾਂ ਵੀ ਹਨ । ਮੇਰਾ ਵਿਚਾਰ ਹੈ ਕਿ ਆਸ ਪਾਸ ਦੇ ਪਿੰਡਾਂ ਦੇ ਛੋਟੇ ਦੁਕਾਨਦਾਰ ਇਥੋਂ ਹੀ ਥੋਕ ਮਾਲ ਖਰੀਦ ਕੇ ਪ੍ਰਚੂਨ ਵੇਚਦੇ ਹਨ । ਭਾਰਤੀ ਯਾਤ੍ਰੀਆਂ ਨੇ ਵੀ ਕਾਫੀ ਖਰੀਦਾਰੀ ਕੀਤੀ । ਅਗਲੇ ਦਿਨ ਅਸਾਂ ਅਗਲੇ ਪੜਾਅ ਲਈ ਗੱਡੀ ਪਕੜ ਕੇ ਰਵਾਨਾ ਹੋਣਾ ਸੀ । ਸਾਡਾ ਅਗਲਾ ਪੜਾਅ ਸੀ ਲਾਹੌਰ ।

(ਚਲਦਾ)

# Book Review

**BOOK : SIKH SACRED MUSIC**

| | | | | |
|---|---|---|---|---|
| AUTHOR | : | DALJIT SINGH | PAGES : | 115 |
| PUBLISHER | : | COLLEGE ROAD, CIVIL LINES, LUDHIANA | PRICE : | Rs. 80/ |

Kirtan the devotional music is the integral part of the Sikh religion and Sikh way of life.

When Gurbani is sung into classical ragas it becomes Kirtan. To study the concept and tradition of Kirtan is of paramount importance in these days when, unfortunately, most of our Ragis are going astray from the traditional way of Kirtan, and a band of ragis are mushrooming who desist classical form and resort to singing the sacred hymns on the tunes of cheap film songs. The Gurbani Kirtan has to be in it unequivocal traditions imbibing the rythmic, meladic and harmonic form of Classical music.

The overall impression you get of 'SIKH SACRED MUSIC', Page after page, is that S. Daljit Singh has done very well in explaining the important aspects of Kirtan in his book. This book is, perhaps, the first of its kind in English. It aims at describing and duscussing the music of the Gurus in a simple language without being virbose.

In his brief survey, an attempt has been made by the author to bring out the background and distinctive characteristics of the holy music orignated by Guru Nanak Dev Ji over five centuries ago, and canonised by Guru Arjan Dev Ji there-after. The author also related briefly some anecdotes which provide and insight into the personalities of the Gurus as composers of Shabad. Keeping in view the readers living abroad, the author avoided Punjabi and technical terms, where possible. Carefully cast appendices for correct pronounciation and meaning of vernacular words make this a work of reference to which readers can return time and again.

This book , skillfully written by S. Daljit Singh, underlines :-

- The unique qualities of the music and guidance given by the Gurus for singing in responseful strains, best suited to attune the mind towards the Almighty.

- Modifications carried out by the Gurus to some of the Ragas and string instruments making them suitable for the recital of Gurbani.

- Composition of the pauries (stanzas) of Asa-Di-Var based on Greek modes.

- Sayings of the Gurus and interesting anecdotes elucidating their views on various aspects of devotional singing.

- Evolution of Staff-Notation.

Indeed, this book is a fine gift to the serious students of Sikh Musicology. However, there was scope for including the detailed evoluation of Staff-Notation, and also evoluation of Savarlipi. The book could have been particularly a well procuded one, with a judicious and liberal sprinkling of pertinent illustration. Whereas one can not deny the increasing cost of producing books now a days , but music lovers would have certainly welcome low price for a book of 115 pages.

**Dr. JAGIR SINGH**

# ਗੁਰਮਤ ਸੰਗੀਤ ਬਾਰੇ ਪੁਸਤਕਾਂ



6. **Sikh Sacred Music**

Author - S. Daljit Singh
541, College Road, Civil Lines , Ludhiana

Published by the Author

Contents : The Heritage, The Suceeding Guru Sahib, Guru Granth Sahib, The Music of the Guru Sahib, Performance of Shabad Kirtan, Musical Instruments of Sikh Devotional Singing, Later Devlopments and future trends, Chronology of the Guru Sahib, Some promenent persons in Sikh history etc.

7. **ਗੁਰਬਾਣੀ ਸੰਗੀਤ** (ਭਾਗ ਪਹਿਲਾ)

ਲੇਖਕ - ਸ੍ਰ. ਗਿਆਨ ਸਿੰਘ (ਐਬਟਾਬਾਦ)
ਪ੍ਰਕਾਸ਼ਕ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ

ਪੁਸਤਕ ਵਿੱਚ ਵਿਸ਼ੇ :- ਇਸ ਪੁਸਤਕ ਵਿਚ ਗੁਰਮਤ ਸੰਗੀਤ ਨਾਲ ਸੰਬੰਧਤ ਵੱਖ ਵੱਖ ਰਾਗਾਂ ਦੀਆਂ 67 ਸੰਗੀਤ ਲਿਪੀਆਂ ਵੱਖ ਵੱਖ ਪ੍ਰਚਲਤ ਅਤੇ ਅਪ੍ਰਚਲਤ ਤਾਲਾਂ ਵਿੱਚ ਦਿੱਤੀਆਂ ਗਈਆਂ ਹਨ ।

8. **ਸੁਰ ਸਿਮਰਨ ਸੰਗੀਤ** (ਭਾਗ ਦੂਸਰਾ)

ਲੇਖਕ - ਸੰਤ ਸਰਵਣ ਸਿੰਘ 'ਗੰਧਰਵ'
ਡੁਮੇਲੀ ਵਾਲੇ ਪਿੰਡ ਤੇ ਡਾਕਖਾਨਾ ਡੁਮੇਲੀ,ਫਗਵਾੜਾ, ਜਿਲਾ ਕਪੂਰਥਲਾ

ਪ੍ਰਕਾਸ਼ਕ - ਲੇਖਕ

ਪੁਸਤਕ ਦੇ ਵਿਸੇ : ਇਸ ਪੁਸਤਕ ਸੰਗੀਤ ਅਤੇ ਧਰਮ ਨਾਲ ਸੰਬੰਧਤ ਲੇਖਾਂ ਤੋਂ ਇਲਾਵਾ ਤਾਲ, ਰਾਗ, ਲੈਅ ਆਦਿ ਬਾਰੇ ਜਾਣਕਾਰੀ ਦਿਤੀ ਗਈ ਹੈ । ਨਾਲ ਹੀ ਆਸਾ ਦੀ ਵਾਰ ਦੇ 12 ਛਕਿਆਂ ਅਤੇ 36 ਸ਼ਬਦਾਂ ਦੀਆਂ ਸੰਗੀਤ ਲਿਪੀਆਂ ਦਿੱਤੀਆਂ ਗਈਆਂ ਹਨ ।

9. **ਸੁਰ ਸਿਮਰਨ ਸੰਗੀਤ** (ਭਾਗ ਚੌਥਾ)

ਲੇਖਕ - ਸੰਤ ਸਰਵਣ ਸਿੰਘ ਗੰਧਰਵ
ਪ੍ਰਕਾਸ਼ਕ - ਸੰਤ ਸਰਵਣ ਸਿੰਘ ਗੰਧਰਵ ਵਿਦਿਆਲਾ ਹੋਲ ਗੜ੍ਹ ਰੋਡ, ਅਨੰਦਪੁਰ ਸਾਹਿਬ ਜਿਲਾ ਰੋਪੜ

ਪੁਸਤਕ ਵਿੱਚ ਵਿਸ਼ੇ : ਇਸ ਪੁਸਤਕ ਵਿੱਚ ਤਾਲਾਂ ਦੀ ਜਾਣਕਾਰੀ ਦੇ ਨਾਲ ਨਾਲ ਵਖ ਵਖ ਰਾਗਾਂ ਵਿਚ ਸ਼ਬਦਾਂ ਦੀਆਂ ਸੰਗੀਤ ਲਿਪੀਆਂ ਦਿਤੀਆਂ ਗਈਆਂ ਹਨ ।

10. **ਗੁਰਮਤ ਸੰਗੀਤ ਸਾਗਰ**

ਲੇਖਕ - ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ ਗੁਰਮਤ ਵਿਦਿਆਲਾ ਗੁ: ਰਕਾਬ ਗੰਜ ਨਵੀਂ ਦਿਲੀ

ਪੁਸਤਕ ਦੇ ਵਿਸੇ : ਗ੍ਰਾਮ, ਮੂਰਛਨਾ, ਰਾਗ, ਠਾਠ ਬਾਰੇ ਜਾਣਕਾਰੀ ਵਖ ਵਖ ਰਾਗਾਂ ਦੀਆਂ ਸੁਰ ਲਿਪੀਆਂ

# ਕੀਰਤਨ ਕਲਾਸਾਂ



ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ !

ਗੁਰਦੁਆਰਾ ਸਾਹਿਬ,
ਸੈਕਟਰ 34, ਚੰਡੀਗੜ੍ਹ

ਗੁਰੂ ਨਾਨਕ ਬਾਲ ਆਸ਼ਰਮ,
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

**ਉਜਲ ਸਿੰਘ ਮਦਾਨ,**
1470, ਸੈਕਟਰ 43-ਬ਼ੀ, ਚੰਡੀਗੜ੍ਹ

**ਗੁਰਦੁਆਰਾ ਸਾਚਾ ਧੰਨ,**
ਫੇਜ਼-3-ਬ-1, ਮੋਹਾਲੀ

**ਗਿ : ਕਸ਼ਮੀਰ ਸਿੰਘ,**
1612 ਫੇਜ਼-7, ਮੋਹਾਲੀ

**ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ**
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਕਲਾ, ਲੁਧਿਆਣਾ

ਸੰਗੀਤ ਭਾਰਤੀ,
99 ਬੀ.ਸ਼ਾਸਤਰੀ ਨਗਰ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,
ਗਰੀਨ ਪਾਰਕ, ਜਲੰਧਰ

ਬਾਵਰਾ ਮਿਊਜ਼ਿਕ ਕਾਲਜ,
20, (ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

ਫਾਈਵ ਸਟਾਰ ਸੰਗੀਤ ਸਭਾ,
276-ਆਰ ਮਾਡਲ ਟਾਊਨ, ਜਲੰਧਰ

ਸਿੱਖ ਮਿਸ਼ਨਰੀ ਕਾਲਜ (ਰਜਿ:)
ਡਬਲਯੂ.ਜੀ. 578, ਸੂਰਜ ਗੰਜ, ਜਲੰਧਰ

ਭਾਈ ਵੀਰ ਸਿੰਘ ਹਾਲ,
ਲਾਰੰਸ ਰੋਡ, ਅੰਮ੍ਰਿਤਸਰ

**ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ**
232 ਈਸਟ ਮੋਹਨ ਨਗਰ, ਅੰਮ੍ਰਿਤਸਰ

**ਸਚਦੇਵਾ ਸੰਗੀਤ ਅਕੈਡਮੀ,**
ਗੁਰਦੁਆਰਾ ਰੋਡ, ਮਲੋਟ

**ਮਸਤਾਨਾ ਮਿਉਜਿਕ ਅਕੈਡਮੀ,**
**ਮਲੋਟ**

**ਗੁਰਦੁਆਰਾ ਦਸ਼ਮੇਸ਼ਗੜ੍ਹ,**
ਵੀਰੋਵਾਲ, ਜ਼ਿਲਾ: ਨਵਾਂ ਸ਼ਹਿਰ

**ਨੀਲਮ ਸੰਗੀਤ ਮੰਦਰ,**
ਪੰਡੋਰਾ ਮੁਹੱਲਾ, ਨਵਾਂ ਸ਼ਹਿਰ

ਗੁਰਮਤ ਸੰਗੀਤ ਅਕੈਡਮੀ,
ਨੇੜੇ ਬਸ ਅੱਡਾ, ਫਿਰੋਜ਼ਪੁਰ

ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇ ਸੰਗੀਤ ਵਿਦਿਆਲਾ
ਸਤਿਨਾਮਪੁਰਾ ਛਾਬੜਾ ਹਸਪਤਾਲ ਦੇ ਪਿਛੇ, ਫਗਵਾੜਾ

ਜੀ. ਐਸ. ਸਰਦਾਰ,
1,98 ਰਾਜਿੰਦਰਾ ਨਗਰ, ਨਵੀਂ ਦਿੱਲੀ

ਗੁਰਮਤ ਵਿਦਿਆਲਾ
ਗੁ: ਰਕਾਬ ਗੰਜ, ਨਵੀਂ ਦਿਲੀ

ਗੁਰਬਾਣੀ ਸੰਗੀਤ ਅਕੈਡਮੀ,
69/2 ਪਡਾਪੁਕਾਰ ਰੋਡ, ਕਲੱਕਤਾ

# ਸੰਗੀਤ ਲਿਪੀ ਵਾਲੇ ਸ਼ਬਦਾਂ ਦੇ ਅਰਥ

ਪ੍ਰਿੰ: ਸਾਹਿਬ ਸਿੰਘ



ਆਸਾ ਮਹਲਾ ੫

ਜਿਸ ਨੀਚ ਕਉ ਕੋਈ ਨਾ ਜਾਨੈ ॥ ਨਾਮ ਜਪਤ ਉਹੁ ਚਹੁਕੁੰਟ ਮਾਨੈ ॥੧॥ ਦਰਸਨ ਮਾਗਉ ਦੇਹਿ ਪਿਆਰੇ ॥ ਤੁਮਰੀ ਸੇਵਾ ਕਉਨ ਕਉਨ ਨਾ ਤਾਰੇ ॥ਰਹਾਉ॥ ਜਾਕੈ ਨਿਕਟਿ ਨ ਆਵੈ ਕੋਈ ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥੨॥ ਜੋ ਪ੍ਰਾਨੀ ਕਹੂ ਨ ਆਵਤ ਕਾਮ ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ ॥ ਸਾਧ ਸੰਗ ਮਨ ਸੋਵਤ ਜਾਗੈ ॥ ਤਬ ਪ੍ਰਭ ਨਾਨਕ ਮੀਠੇ ਲਾਗੈ ॥

ਅਰਥ : ਹੇ ਪਿਆਰੇ ਪ੍ਰਭੂ, ਮੈਂ ਤੇਰਾ ਦਰਸਨ ਮੰਗਦਾ ਹਾਂ (ਮੈਨੂੰ ਆਪਣੇ ਦਰਸਨ ਦੀ ਦਾਤਿ) ਦੇਹ । ਜਿਸ ਜਿਸ ਨੇ ਤੇਰੀ ਤੇਰੀ ਸੇਵਾ-ਭਗਤੀ ਕੀਤੀ ਹੈ ਉਸ ਉਸ ਨੂੰ (ਤੂੰ ਆਪਣਾ ਦਰਸਨ ਦੇ ਕੇ) ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੱਤਾ ਹੈ ॥ ਰਹਾਉ॥

ਹੇ ਪ੍ਰਭੂ, ਜਿਸ ਮਨੁੱਖ ਨੂੰ ਨੀਵੀਂ ਜਾਤਿ ਦਾ ਸਮਝ ਕੇ ਕੋਈ ਜਾਣਦਾ-ਪਛਾਣਦਾ ਭੀ ਨਹੀਂ; ਤੇਰਾ ਨਾਮ ਜਪਣ ਦੀ ਬਰਕਤਿ ਨਾਲ ਸਾਰੇ ਜਗਤ ਵਿੱਚ ਉਸ ਦਾ ਆਦਰ-ਮਾਣ ਹੋਣ ਲੱਗ ਪੈਂਦਾ ਹੈ ।

ਹੇ ਪ੍ਰਭੂ, (ਕੰਗਾਲ ਜਾਣ ਕੇ) ਜਿਸ ਮਨੁੱਖ ਦੇ ਨੇੜੇ ਭੀ ਕੋਈ ਨਹੀਂ ਸੀ ਢੁਕਦਾ (ਤੇਰਾ ਨਾਮ ਜਪਣ ਦੀ ਬਰਕਤਿ ਨਾਲ ਫਿਰ) ਸਾਰੀ ਲੋਕਾਈ ਉਸ ਦੇ ਪੈਰ ਮਲ ਮਲ ਕੇ ਧੋਣ ਲੱਗ ਪੈਂਦੀ ਹੈ ।

ਹੇ ਪ੍ਰਭੂ, ਜੇਹੜਾ ਮਨੁੱਖ (ਪਹਿਲਾ) ਕਿਸੇ ਦਾ ਕੋਈ ਕੰਮ ਸਵਾਰਨ ਜੋਗਾ ਨਹੀਂ ਸੀ (ਹੁਣ) ਗੁਰੂ ਦੀ ਕਿਰਪਾ ਨਾਲ (ਤੇਰਾ ਨਾਮ ਜਪਣ ਕਰਕੇ) ਉਸ ਨੂੰ ਹਰ ਥਾਂ ਯਾਦ ਕੀਤਾ ਜਾਂਦਾ ਹੈ ।

ਹੇ ਨਾਨਕ, (ਆਖ) ਹੇ ਮਨ, ਸਾਧ ਸੰਗਤਿ ਵਿੱਚ ਆ ਕੇ (ਮਾਇਆ ਦੇ ਮੋਹ ਦੀ ਨੀਂਦ ਵਿੱਚ) ਸੁੱਤੇ ਹੋਏ ਲੋਕ ਜਾਗ ਪੈਂਦੇ ਹਨ (ਆਤਮਕ ਜੀਵਨ ਦੀ ਸੂਝ ਪ੍ਰਾਪਤ ਕਰ ਲੈਂਦੇ ਹਨ) ਤੇ ਤਦੋਂ ਉਹਨਾਂ ਨੂੰ ਪ੍ਰਭੂ ਜੀ ਪਿਆਰੇ ਲੱਗਣ ਲੱਗ ਪੈਂਦੇ ਹਨ ॥

ਸੂਹੀ ਮਹਲਾ ੫

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥ ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥੨॥ ਮੇਰੇ ਸਹਿਬ ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ਰਹਾਉ॥ ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥ ਅੰਮ੍ਰਿਤ ਬਚਨ ਰਿਦੈ ਉਰਿਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥ ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ ॥ ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ ॥ ੩ ॥ ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥ ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥੯॥੯॥੫੬॥ [ਪੰਨਾ ੭੪੯]

ਅਰਥ : ਹੇ ਮੇਰੇ ਮਾਲਕ-ਪ੍ਰਭੂ ! ਮੇਰਾ ਨਿਮਾਣੀ ਦਾ ਤੂੰ ਹੀ ਮਾਣ ਹੈ । ਹੇ ਪ੍ਰਭੂ ! ਮੈਂ ਤੇਰੇ ਅੱਗੇ ਅਰਜ਼ੋਈ ਕਰਦਾ ਹਾਂ, (ਮੇਹਰ ਕਰ) ਤੇਰੀ ਸਿਫਤਿ ਸਾਲਾਹ ਦੀ ਬਾਣੀ ਸੁਣ ਸੁਣ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਰਹਾਂ ।੧। ਰਹਾਉ।

ਹੇ ਪ੍ਰਭੂ ! ਜੇ ਤੂੰ ਚਿੱਤ ਵਿਚ ਆ ਵੱਸੇਂ, ਤਾਂ ਬੜਾ ਸੁਖ ਮਿਲਦਾ ਹੈ । ਜਿਸ ਮਨੁੱਖ ਨੂੰ ਤੂੰ ਵਿਸਰ ਜਾਂਦਾ ਹੈਂ, ਉਹ ਮਨੁੱਖ ਆਤਮਕ ਮੌਤ ਸਹੇੜ ਲੈਂਦਾ ਹੈ । ਹੇ ਕਰਤਾਰ ! ਜਿਸ ਮਨੁੱਖ ਉਤੇ ਤੂੰ ਦਇਆਵਾਨ ਹੁੰਦਾ ਹੈਂ, ਉਹ ਸਦਾ ਤੈਨੂੰ ਯਾਦ ਕਰਦਾ ਰਹਿੰਦਾ ਹੈ ।੧।

ਹੇ ਪ੍ਰਭੂ ! ਮੈਂ ਤੇਰੇ ਦਰਸਨ ਤੋਂ ਸਦਕੇ ਜਾਂਦਾ ਹਾਂ, (ਮੇਹਰ ਕਰ) ਮੈਂ ਤੇਰੇ ਸੇਵਕ ਦੇ ਚਰਨਾਂ ਦੀ ਧੂੜ ਬਣਿਆ ਰਹਾਂ । (ਤੇਰੇ ਸੇਵਕ ਦੇ) ਆਤਮਕ ਜੀਵਨ ਦੇਣ ਵਾਲੇ ਬਚਨ ਮੈਂ ਆਪਣੇ ਦਿਲ ਵਿਚ ਹਿਰਦੇ ਵਿਚ ਵਸਾਈ ਰੱਖਾਂ, ਤੇਰੀ ਕਿਰਪਾ ਨਾਲ ਮੈਂ (ਤੇਰੇ ਸੇਵਕ ਦੀ) ਸੰਗਤਿ ਪ੍ਰਾਪਤ ਕਰਾਂ ।੨।

ਹੇ ਭਾਈ ! ਆਪਣੇ ਦਿਲ ਦੀ ਹਾਲਤ ਤੇਰੇ ਅੱਗੇ ਖੋਲ੍ਹ ਕੇ ਰੱਖ ਦਿੱਤੀ ਹੈ । ਮੈਨੂੰ ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਦਿਸਦਾ । ਜਿਸ ਮਨੁੱਖ ਨੂੰ ਤੂੰ (ਆਪਣੇ ਚਰਨਾਂ ਵਿਚ) ਜੋੜ ਲੈਂਦਾ ਹੈਂ, ਉਹ (ਤੇਰੇ ਚਰਨਾਂ ਵਿਚ) ਜੁੜਿਆ ਰਹਿੰਦਾ ਹੈ । ਉਹ ਤੇਰਾ (ਅਸਲ) ਭਗਤ ਹੈ ।੩।

ਹੇ ਪ੍ਰਭੂ ! ਮੈਂ (ਆਪਣੇ) ਦੋਵੇ ਹੱਥ ਜੋੜ ਕੇ (ਤੇਰੇ ਪਾਸੋਂ) ਇਕ ਦਾਨ ਮੰਗਦਾ ਹਾਂ ! ਹੇ ਸਾਹਿਬ ! ਤੇਰੇ ਤ੍ਰੁੱਠਣ ਨਾਲ ਹੀ ਮੈਂ (ਇਹ ਦਾਨ) ਲੈ ਸਕਦਾ ਹਾਂ । (ਮੇਹਰ ਕਰ) ਨਾਨਕ ਹਰੇਕ ਸਾਹ ਦੇ ਨਾਲ ਤੇਰਾ ਅਰਾਧਨ ਕਰਦਾ ਰਹੇ, ਮੈਂ ਅੱਠੇ ਪਹਰ ਤੇਰੀ ਸਿਫਤਿ ਸਾਲਾਹ ਦੇ ਗੀਤ ਗਾਂਦਾ ਰਹਾਂ ।੪।੯।੫੬।

ਸੁਰ ਲਿਪੀ

# ਰਾਗ ਸੂਹੀ

ਅਮਰਜੀਤ ਕੌਰ

ਰਾਗ ਸੂਹੀ ਬਿਲਾਵਲ ਥਾਟ ਤੋਂ ਉਤਪੰਨ ਹੁੰਦਾ ਹੈ । ਇਹ ਸੰਪੂਰਨ ਜਾਤੀ ਦਾ ਰਾਗ ਹੈ । ਵਾਦੀ ਸੁਰ ਪੰਚਮ ਸੰਵਾਦੀ ਸੁਰ ਸ਼ੜਜ ਹੈ ਗਾਇਨ ਕਰਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ ।

### ਪਛਾਣ

ਆਰੋਹ - ਸਾ ਰੇ ਗ ਮ ਪ ਨੀ ਧ ਨੀ ਸਾਂ

ਆਵਰੋਹ - ਸਾਂ ਨ਼ੀ ਧ ਪ ਮ ਗ ਰੇ ਸਾ

ਪਕੜ - ਸਾਂ, ਨ਼ੀ ਪ, ਮ ਗ, ਰੇ ਗ, ਮ ਗ ਰੇ ਸਾ

### ਤਾਲ ਦਾਦਰਾ (ਮੱਧ ਲੈ)

### ਸਥਾਈ

| | | | | | | | | | | | |
|---|---|---|---|---|---|---|---|---|---|---|---|
| ਸਾ | ਰੇ | ਗ | ਮ | ਪ | ਪ | ਸਾਂ | ਰੇਂ | ਸਾਂ | ਨ਼ੀ | ਧ | ਪ |
| ਮੇ | ਰੇ | ਸਾ | ਹਿ | ਬ | s | ਤੂ | s | ਮੈ | ਮਾ | ਣ | ਨਿ |
| x | | | o | | | x | | | o | | |
| ਮ | ਮ | ਮ | ਗ | ਗ | ਗ | | | | | | |
| ਮਾ | s | s | ਣੀ | s | s | | | | | | |
| | | | | | | | | | | | |
| ਗਗ | ਗ | ਗ | ਮ | ਪ | ਨੀਨੀ | ਸਾਂ | ਸਾਂ | ਸਾਂ | ਨੀ | ਸਾਂ | ਸਾਂ |
| ਅਰ | ਦਾ | ਸਿ | ਕ | ਰੀ | ਪ੍ਰਭ | ਅ | ਪ | ਨੇ | ਆ | ਗੇ | s |
| x | | | o | | | x | | | o | | |
| ਸਾਂਸਾਂ | ਰੇਂ | ਸਾਂ | ਨ਼ੀ | ਧ | ਪਪ | ਮ | ਮ | ਮ | ਗ | ਗ | ਗ |
| ਸੁਣਿ | ਸੁ | ਣਿ | ਜੀ | ਵਾਂ | ਤੇਰੀ | ਬਾ | s | s | ਣੀ | s | s |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| x | | | o | | | x | | | o | | |
| ਗਗ | ਗ | ਮ | ਪ | ਨੀ | ਨੀ | ਸਾਂ | ਸਾਂ | ਸਾਂ | ਨੀ | ਸਾਂ | ਸਾਂ |
| ਤੁਧ | ਚਿ | ਤ | ਆ | ਏ | s | ਮ | ਹਾ | ਅ | ਨੰ | ਦਾ | s |
| x | | | o | | | x | | | o | | |
| ਸਾਂਸਾਂ | ਸਾਂਸਾਂ | ਰੇਸਾਂ | ਨ਼ੀ | ਧ | ਪ | ਮ | ਮ | ਮ | ਗ | ਗ | ਗ |
| ਜਿਸ | ਵਿਸ | ਰੇs | ਸੋ | ਮ | ਰ | ਜਾ | s | s | ਏ | s | s |
| x | | | o | | | x | | | o | | |

ਬਾਕੀ ਅੰਤਰੇ ਇਸੇ ਤਰ੍ਹਾਂ

ਸੁਰ ਲਿਪੀ

# ਰਾਗ ਆਸਾ

ਪ੍ਰੋ. ਪਰਮਜੋਤ ਸਿੰਘ

ਰਾਗ - ਆਰੋਹ ਵਿੱਚ ਗਾ ਤੇ ਨੀ ਵਰਜਿਤ ਸਾਰੇ ਸ਼ੁਧ ਸਵਰ

ਵਾਦੀ - ਮਾ

ਸਮਾਦੀ - ਸਾ

ਸਮਾ - ਸਵੇਰ ਦਾ

ਅਰੋਹ - ਸਾ ਰੇ ਮਾ ਪਾ ਧਾ ਸਾਂ


ਅਵਰੋਹ - ਸਾਂ ਨੀ ਧਾ ਪਾ ਮਾ ਗਾ ਰੇ ਸਾ

ਤੀਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| ਰੇ | ਰੇ | ਮਾ | ਮ | ਪਾ | ਪਾ | ਧਾ | ਧਾ | ਸਾਂ | - | ਸਾਂ | ਰੇਂ | ਸਾਂ | ਨੀ | ਧਾ | ਪਾ |
| ਦ | ਰ | ਸ | ਨ | ਮਾ | ऽ | ਗ | ਉ | ਦੇ | ऽ | ਹਿ | ਪਿ | ਅ | ऽ | ਰੇ | ऽ |
| o | | | | ੩ | | | | x | | | | ੨ | | | |
| ਧਾ | ਧਾ | ਧਾ | ਧਾ | ਪਾਧਾ | ਸਾਂ | ਧਾ | ਪਾ | ਪਾ | ਪਾ | ਧਾ | ਪਾ | ਮਾ | ਗਾ | ਰੇ | ਸਾ |
| ਤੁ | ਮ | ਰੀ | ਸੇ | ਵऽ | ऽ | ਕਉ | ਨ | ਕਉ | ऽ | ਨ | ਨ | ਤਾ | ऽ | ਰੇ | ऽ |
| ਅੰਤਰਾ | | | | | | | | | | | | | | | |
| ਪਾ | ਪਾ | ਪਾ | ਧਾ | ਸਾਂ | ਸਾਂ | ਸਾਂ | ਸਾਂ | ਸਾਂ | ਸਾਂ | ਗਾਂ | ਰੇਂ | ਸਾਂ | ਨੀ | ਧਾ | ਪਾ |
| ਜਿ | ਸ | ऽ | ਨੀ | ऽ | ਚ | ਕ | ਉ | ਕੋ | ऽ | ਈ | ਨ | ਜਾ | ऽ | ਨੈ | ऽ |
| ਧਾ | ਧਾ | ਧਾ | ਧਾ | ਪਾਧਾ | ਸਾਂ | ਧਾ | ਪਾ | ਪਾ | ਪਾ | ਧਾ | ਪਾ | ਮਾ | ਗਾ | ਰੇ | ਸਾ |
| ਨਾ | ऽ | ਮ | ਜ | ਪऽ | ਤ | ਉ | ਹੁ | ਚ | ਹੁ | ਕੂੰ | ਟ | ਮਾ | ऽ | ਨੈ | ऽ |
| o | | | | ੩ | | | | x | | | | ੨ | | | |

ਬਾਕੀ ਅੰਤਰੇ ਇਸੇ ਤਰ੍ਹਾਂ ਗਾਏ ਜਾਣ

# ਸੰਗੀਤ-ਲਿਪੀ ਚਿੰਨ੍ਹ



ਪ ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ ।

ਮੰ ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

ਪ਼/ਧ਼ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

ਸੰ/ਪੰ ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।


ਪ— ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

ਸ਼ਾਂ s ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ ।

ਮਪ ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

**XO 123** **X** ਸਮ, **O** ਖਾਲੀ ਅਤੇ 1–2–3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਦਸੰਬਰ/ਮੱਘਰ

ਪਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

## ਗੁਰਪੁਰਬ

ਪਾ: ੧੦ ਗੁਰਗੱਦੀ ਮਿਲੀ ੨੩ ਦਸੰਬਰ

ਪਾ: ੯ ਜੋਤੀ ਜੋਤਿ ਸਮਾਏ ੧੫ ਦਸੰਬਰ

## ਦਿਨ ਦਿਹਾਰ ਤੇ ਛੁੱਟੀਆਂ

ਸ਼ਹੀਦੀ ਦਿਹਾੜਾ

ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ — ੧੮ ਦਸੰਬਰ

ਸ਼ਹੀਦੀ ਦਿਨ

ਬਾਬਾ ਜੀਵਨ ਸਿੰਘ ਫੈਜ਼ਪੁਰ — ੨੨ ਦਸੰਬਰ

ਸ਼ਹੀਦੀ ਮੇਲਾ ਚਮਕੌਰ ਸਾਹਿਬ — ੨੨ ਦਸੰਬਰ

ਵੱਡਾ ਦਿਨ — ੨੫ ਦਸੰਬਰ

ਸ਼ਹੀਦੀ ਮੇਲਾ

ਫਤਿਹਗੜ੍ਹ ਸਾਹਿਬ — ੨੬ ਤੋਂ ੨੮ ਦਸੰਬਰ

ਸੰਗੀਤ ਮੇਲਾ

ਹਰਵਲਭ, ਜਲੰਧਰ — ੨੭ ਤੋਂ ੨੯ ਦਸੰਬਰ

| | | |
|---|---|---|
| ਸੰਮਤ ਬਿਕ੍ਰਮੀ ੨੦੫੩<br>ਸੰਮਤ ਨਾਨਕਸ਼ਾਹੀ ੫੨੭-੨੮<br>ਸੰਮਤ ਖਾਲਸਾ ੨੯੮<br>ਸੰਮਤ ਸ਼ਾਕਾ ੧੯੧੮ | ਦਸੰਬਰ<br>DEC. 1996 | ਮੱਸਿਆ ੧੦ ਦਸੰਬਰ<br>ਸੰਗਰਾਂਦ ੧੫ ਦਸੰਬਰ<br>ਪੰਚਮੀ ੧੫ ਦਸੰਬਰ<br>ਪੂਰਨਮਾਸ਼ੀ ੨੪ ਦਸੰਬਰ |

| | | | | | |
|---|---|---|---|---|---|
| ਐਤ SUN | ੧<br>੧੭ ਮੱਘਰ<br>ਮੱਘਰ ਵਦੀ ੬ | ੮<br>੨੪ ਮੱਘਰ<br>ਮੱਘਰ ਵਦੀ ੧੩ | ੧੫<br>੧ ਪੋਹ<br>ਮੱਘਰ ਸੁਦੀ ੫-੬ | ੨੨<br>੮ ਪੋਹ<br>ਮੱਘਰ ਸੁਦੀ ੧੩ | ੨੯<br>੧੫ ਪੋਹ<br>ਪੋਹ ਵਦੀ ੪ |
| ਸੋਮ MUN | ੨<br>੧੮ ਮੱਘਰ<br>ਮੱਘਰ ਵਦੀ ੭ | ੯<br>੨੫ ਮੱਘਰ<br>ਮੱਘਰ ਵਦੀ ੧੪ | ੧੬<br>੨ ਪੋਹ<br>ਮੱਘਰ ਸੁਦੀ ੭ | ੨੩<br>੯ ਪੋਹ<br>ਮੱਘਰ ਸੁਦੀ ੧੪ | ੩੦<br>੧੬ ਪੋਹ<br>ਪੋਹ ਵਦੀ ੫ |
| ਮੰਗਲ TUE | ੩<br>੧੯ ਮੱਘਰ<br>ਮੱਘਰ ਵਦੀ ੮ | ੧੦<br>੨੬ ਮੱਘਰ<br>ਮੱਘਰ ਵਦੀ ੩੦ | ੧੭<br>੩ ਪੋਹ<br>ਮੱਘਰ ਸੁਦੀ ੮ | ੨੪<br>੧੦ ਪੋਹ<br>ਮੱਘਰ ਸੁਦੀ ੧੫ | ੩੧<br>੧੭ ਪੋਹ<br>ਪੋਹ ਵਦੀ ੬ |
| ਬੁੱਧ WED | ੪<br>੨੦ ਮੱਘਰ<br>ਮੱਘਰ ਵਦੀ ੯ | ੧੧<br>੨੭ ਮੱਘਰ<br>ਮੱਘਰ ਸੁਦੀ ੧ | ੧੮<br>੪ ਪੋਹ<br>ਮੱਘਰ ਸੁਦੀ ੯ | ੨੫<br>੧੧ ਪੋਹ<br>ਪੋਹ ਵਦੀ ੧ | * |
| ਵੀਰ THU | ੫<br>੨੧ ਮੱਘਰ<br>ਮੱਘਰ ਵਦੀ ੧੦ | ੧੨<br>੨੮ ਮੱਘਰ<br>ਮੱਘਰ ਸੁਦੀ ੨ | ੧੯<br>੫ ਪੋਹ<br>ਮੱਘਰ ਸੁਦੀ ੧੦ | ੨੬<br>੧੨ ਪੋਹ<br>ਪੋਹ ਵਦੀ ੨ | * |
| ਸ਼ੁੱਕਰ FRI | ੬<br>੨੨ ਮੱਘਰ<br>ਮੱਘਰ ਵਦੀ ੧੧ | ੧੩<br>੨੯ ਮੱਘਰ<br>ਮੱਘਰ ਸੁਦੀ ੩ | ੨੦<br>੬ ਪੋਹ<br>ਮੱਘਰ ਸੁਦੀ ੧੧ | ੨੭<br>੧੩ ਪੋਹ<br>ਪੋਹ ਵਦੀ ੩ | * |
| ਸ਼ਨੀ SUN | ੭<br>੨੩ ਮੱਘਰ<br>ਮੱਘਰ ਵਦੀ ੧੨ | ੧੪<br>੩੦ ਮੱਘਰ<br>ਮੱਘਰ ਸੁਦੀ ੪ | ੨੧<br>੭ ਪੋਹ<br>ਮੱਘਰ ਸੁਦੀ ੧੨ | ੨੮<br>੧੪ ਪੋਹ<br>ਪੋਹ ਵਦੀ ੩ | * |

ਅਰਥ : ਪੋਹ ਦੇ ਮਹੀਨੇ ਜਿਸ ਜੀਵ-ਇਸਤ੍ਰੀ ਦੇ ਗਲ ਨਾਲ (ਹਿਰਦੇ ਵਿਚ) ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੱਕਰ (ਮਨ ਦੀ ਕਠੋਰਤਾ, ਕੋਰਾਪਨ) ਜੋਰ ਨਹੀਂ ਪਾ ਸਕਦਾ, (ਕਿਉਂਕਿ) ਉਸ ਦੀ ਬ੍ਰਿਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇਂ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ ।

ਜਿਸ ਜੀਵ-ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਉਸ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੀ ਸਿਫਤਿ-ਸਾਲਾਹ ਵਿਚ ਚੁੱਭੀ ਲਾਈ ਹੈ । ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਦੀ ਪ੍ਰੀਤ ਵਿਚ ਲੱਗੀ ਰਹਿੰਦੀ ਹੈ । ਪਾਰਬ੍ਰਹਮ ਨੇ (ਉਸ ਦਾ) ਹੱਥ ਫੜ ਕੇ (ਉਸ ਨੂੰ ਆਪਣੇ ਚਰਨਾਂ ਵਿਚ) ਜੋੜਿਆ ਹੁੰਦਾ ਹੈ, ਉਹ ਮੁੜ (ਉਸ ਦੇ ਚਰਨਾਂ ਤੋਂ) ਵਿੱਛੜਦੀ ਨਹੀਂ । (ਪਰ) ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਘਾ ਹੈ, ਮੈਂ ਉਸ ਤੋਂ ਲਖ ਲਖ ਵਾਰੀ ਕੁਰਬਾਨ ਹਾਂ । ਹੇ ਨਾਨਕ ! (ਉਹ ਬੜਾ ਦਿਆਲ ਹੈ) ਦਰ ਉਤੇ ਡਿੱਗਿਆਂ ਦੀ ਉਸ ਪ੍ਰਭੂ ਨੂੰ ਇੱਜ਼ਤ ਰੱਖਣੀ ਹੀ ਪੈਂਦੀ ਹੈ ।